# ਇਸ ਧਰਤੀ 'ਤੇ ਰਹਿੰਦਿਆਂ

ਅਮਰਜੀਤ ਕੌਂਕੇ



# ਇਸ ਧਰਤੀ ’ਤੇ ਰਹਿੰਦਿਆਂ

(ਕਾਵਿ-ਸੰਗ੍ਰਹਿ)

**Is Dharti Te Rahindian**

**Poems by:**
**Amarjit Kaunke (Dr.)**
**+91 98142-31698, 98773-58869**

| | | |
|---|---|---|
| ISBN | : | 978-81-969387-2-7 |
| Year | : | 2025 |
| Copyright | : | Author |
| Publisher | : | Parteek Publications,<br>718, Ranjit Nagar-A, Patiala.(Pb.)<br>98773-58869, 97810-33133 |
| Concept & Designing | : | Raa Designs, Patiala (97810-33133) |
| Printer | : | Aarna Printing Solutions, Patiala. |
| Price | : | 300/- |

# ਇਸ ਧਰਤੀ 'ਤੇ ਰਹਿੰਦਿਆਂ

**ਅਮਰਜੀਤ ਕੌਂਕੇ**

**ਪ੍ਰਤੀਕ ਪਬਲੀਕੇਸ਼ਨਜ਼**
**ਪਟਿਆਲਾ**

## ਲੇਖਕ ਦੀਆਂ ਹੋਰ ਪੁਸਤਕਾਂ

**ਪੰਜਾਬੀ :** ਦਾਇਰਿਆਂ ਦੀ ਕਬਰ 'ਚੋਂ (ਸਾਂਝਾ ਕਾਵਿ-ਸੰਗ੍ਰਿਹ 1985), ਨਿਰਵਾਣ ਦੀ ਤਲਾਸ਼ 'ਚ 1987, ਦਵੰਦ ਕਥਾ 1990, ਯਕੀਨ 1993, ਸ਼ਬਦ ਰਹਿਣਗੇ ਕੋਲ 1996, ਸਿਮਰਤੀਆਂ ਦੀ ਲਾਲਟੈਨ 2001, ਪਿਆਸ 2013, ਚੋਣਵੀਂ ਕਵਿਤਾ 2022।

**ਹਿੰਦੀ :** ਮੁੱਠੀ ਭਰ ਰੋਸ਼ਨੀ, ਅੰਧੇਰੇ ਮੇਂ ਆਵਾਜ਼, ਅੰਤਹੀਣ ਦੌੜ, ਬਨ ਰਹੀ ਹੈ ਨਈ ਦੁਨੀਆਂ, ਆਕਾਸ਼ ਕੇ ਪੰਨੇ ਪਰ।

**ਅਨੁਵਾਦ (ਹਿੰਦੀ ਤੋਂ ਪੰਜਾਬੀ) :** ਔੜ ਵਿੱਚ ਸਾਰਸ (ਡਾ. ਕੇਦਾਰਨਾਥ ਸਿੰਘ), ਅਰਣਿਆ (ਸ਼੍ਰੀ ਨਰੇਸ਼ ਮਹਿਤਾ), ਨਾ ਛੂਹੀਂ ਪਰਛਾਵੇਂ ਮਨਾਂ (ਹਿਮਾਂਸ਼ੂ ਜੋਸ਼ੀ), ਉਸ ਰਾਤ ਦੀ ਗੱਲ (ਮਿਥਿਲੇਸ਼ਵਰ), ਗੋਟਿਆ (ਨ.ਧ. ਤਮਹਨਕਰ), ਦੇਵਕੀ ਨੰਦਨ ਖੱਤਰੀ (ਮਧੁਰੇਸ਼), ਗਾਥਾ ਮਹਾਂਮਨੁੱਖ ਦੀ (ਬਲਭੱਦਰ ਠਾਕੁਰ), ਨਵੇਂ ਇਲਾਕੇ ਵਿੱਚ (ਅਰੁਨ ਕਮਲ), ਦੂਜਾ ਕੋਈ ਨਹੀਂ (ਕੁੰਵਰ ਨਾਰਾਇਣ), ਸੰਪਰਦਾਇਕਤਾ (ਬਿਪਨ ਚੰਦਰਾ), ਧੁੱਪ ਨਿਕਲੇਗੀ (ਜਸਵੀਰ ਚਾਵਲਾ), ਔਰਤ ਮੇਰੇ ਅੰਦਰ (ਪਵਨ ਕਰਨ), ਮੇਰੀਆਂ ਚੋਣਵੀਆਂ ਕਹਾਣੀਆਂ (ਊਸ਼ਾ ਯਾਦਵ), ਆਧੁਨਿਕ ਭਾਰਤੀ ਕਵਿਤਾ ਸੰਚਇਨ (ਹਿੰਦੀ), ਇੱਕ ਅਨਘੜ ਜਿਹਾ ਸੁਪਨਾ (ਮਣੀ ਮੋਹਨ), ਮਾਰੇ ਜਾਣਗੇ (ਰਾਜੇਸ਼ ਜੋਸ਼ੀ), ਦੋ ਸਤਰਾਂ ਵਿਚਕਾਰ (ਰਾਜੇਸ਼ ਜੋਸ਼ੀ), ਰਬਾਬ (ਸੀਮਾਂਤ ਸੋਹਲ), ਪੂਰਨ ਵਿਰਾਮ ਤੋਂ ਪਹਿਲਾਂ (ਡਾ. ਹੰਸਾ ਦੀਪ), ਪਗਡੰਡੀਆਂ ਗਵਾਹ ਨੇ (ਆਤਮਾ ਰੰਜਨ), ਬੂੰਦ ਬੂੰਦ ਪਾਣੀ (ਅਮਿਤ ਕੁਮਾਰ ਮੱਲ), ਨਿੱਕਾ ਬੂਟਾ (ਜਮਰ ਜਲੀਲ), ਪੱਕੀ ਦੋਸਤੀ (ਐਂਡਰੀਲਾ ਮਿੱਤਰਾ), ਧੁੱਪ ਨਾਲ ਰੁੱਸੀ ਚਾਂਦਨੀ (ਸੁਧਾ ਓਮ ਢੀਂਗਰਾ), ਅੱਧੇ ਆਕਾਸ਼ ਦਾ ਇੰਦਰਧਨੁਸ਼ (14 ਹਿੰਦੀ ਲੇਖਕਾਵਾਂ ਦੀਆਂ ਕਹਾਣੀਆਂ), ਆਪਣੇ ਆਪਣੇ ਤਾਜਮਹਿਲ (ਹਿੰਦੀ ਦੀਆਂ ਚੋਣਵੀਆਂ ਕਹਾਣੀਆਂ)

**ਅਨੁਵਾਦ (ਪੰਜਾਬੀ ਤੋਂ ਹਿੰਦੀ) :** ਗਲੀਏ ਚਿੱਕੜ ਦੂਰਿ ਘਰ (ਵਣਜਾਰਾ ਬੇਦੀ), ਸ਼ਬਦੋਂ ਕੀ ਧੂਪ (ਸੁਖਵਿੰਦਰ ਕੰਬੋਜ), ਸੂਰਜ ਕਾ ਤਕੀਆ (ਰਵਿੰਦਰ ਰਵੀ), ਬਾਂਸੁਰੀ ਕਯਾ ਗੀਤ ਗਾਏ (ਡਾ. ਰਵਿੰਦਰ), ਪੱਤੇ ਕੀ ਮਹਾਯਾਤਰਾ (ਪ੍ਰਮਿੰਦਰ ਸੋਢੀ), ਖਾਲੀ ਦਰਿਆ (ਬੀ.ਐਸ.ਰਤਨ), ਹਾਰ ਕਰ ਭੀ (ਦਰਸ਼ਨ ਬੁਲੰਦਵੀ), ਪਲ ਪਲ ਬਦਲਤੇ ਰੰਗ (ਬੀਬਾ ਬਲਵੰਤ), ਕਿਤੂਰ ਕੀ ਰਾਣੀ ਚੇਨੰਮਾ (ਬੀ.ਐਸ.ਰਤਨ), ਆਧੁਨਿਕ ਭਾਰਤੀ ਕਵਿਤਾ ਸੰਚਇਨ (ਪੰਜਾਬੀ), ਟੁਕੜਾ ਟੁਕੜਾ ਵਰਤਮਾਨ (ਸੁਰਿੰਦਰ ਸੋਹਲ), ਵਿਪਰੀਤ (ਚਰਨ ਸਿੰਘ), ਲਾਕਡਾਊਨ ਅਲਫਾ (ਡਾ. ਕਰਨੈਲ ਸਿੰਘ ਸ਼ੇਰਗਿੱਲ), ਮਰਹਮ (ਡਾ. ਕੁਲਜੀਤ ਸਿੰਘ ਜੰਜੂਆ)

**ਅਨੁਵਾਦ (ਅੰਗ੍ਰੇਜ਼ੀ ਤੋਂ ਪੰਜਾਬੀ) :** ਜਦੋਂ ਦੁਨੀਆਂ ਨਵੀਂ ਨਵੀਂ ਬਣੀ (ਵੇਰੀਅਰ ਐਲਵਿਨ), ਕਾਠ ਦਾ ਪੁਤਲਾ (ਕਾਰਲੋ ਕੋਲੋਦੀ)

**ਬਾਲ ਸਾਹਿਤ :** ਕੁੜੀਆਂ ਚਿੜੀਆਂ (ਕਵਿਤਾਵਾਂ), ਵਾਤਾਵਰਣ ਬਚਾਅ (ਕਵਿਤਾਵਾਂ), ਕੁਕੜੂੰ ਘੜੂੰ (ਕਵਿਤਾਵਾਂ), ਲੱਕੜ ਦੀ ਕੁੜੀ (ਕਹਾਣੀਆਂ), ਮਖ਼ਮਲ ਦੇ ਪੱਤੇ (ਕਹਾਣੀਆਂ)

**ਸੰਪਾਦਨ :** ਸਮਾਨੰਤਰ (ਪਿਛਲੇ ਦਹਾਕੇ ਦੀ ਪੰਜਾਬੀ ਕਵਿਤਾ, 1992), ਸਮਾਂ ਉਦਾਸ ਨਹੀਂ (ਸਮਕਾਲੀ ਪੰਜਾਬੀ ਕਵਿਤਾ, 1997), ਅੱਖਰ ਅੱਖਰ ਅਹਿਸਾਸ (ਸਮਕਾਲੀ ਪੰਜਾਬੀ ਕਵਿਤਾ, 2016), ਸ਼ਬਦ ਸ਼ਬਦ ਪਰਵਾਜ਼ (ਸਮਕਾਲੀ ਪੰਜਾਬੀ ਕਵਿਤਾ, 2016), ਸਵਰਨ ਸਿੰਘ ਪਰਵਾਨਾ ਦੀ ਕਾਵਿ-ਚੇਤਨਾ, ਕਵਿਤਾ ਮੇਂ ਕਿਸਾਨ (ਹਿੰਦੀ ਕਵਿਤਾ ਸਹਿ-ਸੰਪਾਦਨ), ਸੂਰਜ ਦੀ ਪੈੜ ਨੱਪਦਿਆਂ (ਯੁਵਾ ਪੰਜਾਬੀ ਕਵੀਆਂ ਦੀ ਕਵਿਤਾ), **"ਸਰੋਕਾਰ"** ਤ੍ਰੈ-ਮਾਸਿਕ ਦੀ ਸੰਪਾਦਨਾ (1999 ਤੋਂ 2003), 2003 ਤੋਂ ਤ੍ਰੈ- ਮਾਸਿਕ **"ਪ੍ਰਤਿਮਾਨ"** ਦੀ ਨਿਰੰਤਰ ਸੰਪਾਦਨਾ।

**ਸਨਮਾਨ :** ਸਾਹਿਤ ਅਕਾਦਮੀ, ਦਿੱਲੀ ਵੱਲੋਂ ਸਾਲ 2016 ਲਈ ਸਾਹਿਤ ਅਕਾਦਮੀ ਅਨੁਵਾਦ ਪੁਰਸਕਾਰ, "ਦਵੰਦ ਕਥਾ" ਪੁਸਤਕ ਲਈ ਲਾਭ ਸਿੰਘ ਚਾਤ੍ਰਿਕ ਪੁਰਸਕਾਰ 1991, "ਯਕੀਨ" ਪੁਸਤਕ ਲਈ ਕਪੂਰ ਸਿੰਘ ਆਈ ਸੀ ਐਸ ਪੁਰਸਕਾਰ 1994, "ਸ਼ਬਦ ਰਹਿਣਗੇ ਕੋਲ" ਪੁਸਤਕ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਮੋਹਨ ਸਿੰਘ ਮਾਹਿਰ ਪੁਰਸਕਾਰ 1997, "ਮੁੱਠੀ ਭਰ ਰੌਸ਼ਨੀ" ਪੁਸਤਕ ਲਈ ਭਾਸ਼ਾ ਵਿਭਾਗ, ਪੰਜਾਬ ਵੱਲੋਂ ਗਿਆਨੀ ਸੰਤ ਸਿੰਘ ਪੁਰਸਕਾਰ 1995, ਪੁਸਤਕ "ਪਿਆਸ" ਲਈ ਭਾਸ਼ਾ ਵਿਭਾਗ, ਪੰਜਾਬ ਵੱਲੋਂ 2014 ਲਈ "ਗੁਰਮੁਖ ਸਿੰਘ ਮੁਸਾਫ਼ਿਰ" ਸਰਵੋਤਮ ਪੁਸਤਕ ਪੁਰਸਕਾਰ, ਹਿੰਦੀ ਪੁਸਤਕ "ਆਕਾਸ਼ ਕੇ ਪੰਨੇ ਪਰ" ਲਈ ਭਾਸ਼ਾ ਵਿਭਾਗ, ਪੰਜਾਬ ਵੱਲੋਂ ਗਿਆਨੀ ਸੰਤ ਸਿੰਘ ਪੁਰਸਕਾਰ 2023, ਸਾਹਿਤ ਦੇ ਖੇਤਰ ਵਿਚ ਸਮੁੱਚੀ ਦੇਣ ਲਈ "ਨਿਰੰਜਨ ਸਿੰਘ ਨੂਰ ਮੈਮੋਰੀਅਲ ਪੁਰਸਕਾਰ" 2009, ਸਾਹਿਤ ਦੇ ਖੇਤਰ ਵਿਚ ਸਮੁੱਚੀ ਦੇਣ ਲਈ "ਪ੍ਰੀਤਮ ਸਿੰਘ ਰਾਹੀ ਪੁਰਸਕਾਰ" 2014, ਪ੍ਰਿੰ. ਸੁਰਿੰਦਰ ਸਿੰਘ ਬਰਾੜ ਯਾਦਗਾਰੀ ਸਾਹਿਤਿਕ ਸੰਪਾਦਨ ਪੁਰਸਕਾਰ 2021, ਸਾਹਿਤ ਸਭਾ ਜਗਰਾਓਂ ਵੱਲੋਂ "ਸੰਤ ਸਿੰਘ ਸੇਖੋਂ ਪੁਰਸਕਾਰ" 2017, ਸਾਹਿਤ ਦੇ ਖੇਤਰ ਵਿੱਚ ਸਮੁੱਚੀ ਦੇਣ ਲਈ ਇਆਪਾ, ਕੈਨੇਡਾ ਪੁਰਸਕਾਰ 1998, ਸਾਹਿਤ ਸਭਾ ਜਗਰਾਓਂ ਵੱਲੋਂ ਰਾਜ਼ ਸਵੱਦੀ ਕਾਵਿ-ਪੁਰਸਕਾਰ 2022, ਸਿਰਜਨ ਸੇਵਾ ਸੰਸਥਾਨ, ਸ਼੍ਰੀ ਗੰਗਾਨਗਰ ਵੱਲੋਂ ਸਿਰਜਣ ਸਾਹਿਤਯ ਸਨਮਾਨ 2024।

**ਤਰਤੀਬ**

ਇਸ ਧਰਤੀ 'ਤੇ ਰਹਿੰਦਿਆਂ : ਸੰਵੇਦਨਹੀਣ ਸਮਿਆਂ ਵਿੱਚ ਸੰਵੇਦਨਸ਼ੀਲ ਕਾਵਿਕਾਰੀ / ਡਾ. ਮਨਮੋਹਨ 9
ਇੱਕ ਬਲ਼ਦੀ ਦੁਪਹਿਰ 21
ਬੋਲਣ ਦਿਉ ਉਸਨੂੰ 24
ਅਜਗਰ 27
ਬਿਸਾਤ 29
ਵਿਰਲਾਪ 31
ਇੱਕ ਖੰਡਰ ਸ਼ਹਿਰ ਦੀ ਗਾਥਾ 34
ਖਤਰਨਾਕ ਬਿੰਬ 37
ਫੌਜੀ ਸਾਹਮਣੇ ਮੁੱਕਾ ਤਾਣ ਕੇ ਖੜ੍ਹੀ ਕੁੜੀ 38
ਇਸ ਧਰਤੀ 'ਤੇ ਰਹਿੰਦਿਆਂ 40
ਭਾਸ਼ਾ 43
ਗੁਆਚੀਆਂ ਹੋਈਆਂ ਕਵਿਤਾਵਾਂ 45
ਦੁੱਖ ਇੱਕ ਛਲੇਡਾ 47
ਰਿਸ਼ਤਾ 49
ਅੱਧੀ ਰਾਤ ਨੂੰ ਚੱਪਲਾਂ 51
ਬੇਗਾਨੇ ਸ਼ਹਿਰ ਵਿੱਚ ਗੈਰਹਾਜ਼ਰ ਦੋਸਤ 53
ਆਖ਼ਰੀ ਪੀੜ੍ਹੀ ਦੇ ਲੋਕ 56
ਸਮਾਂ ਹੋ ਗਿਆ 59
ਵੰਡ 62
ਵੈਂਟੀਲੇਟਰ ਤੇ ਲੱਗੇ ਰਿਸ਼ਤੇ 64
ਘਰ ਤੁਹਾਨੂੰ ਉਡੀਕਦੇ ਹਨ 66
ਮਾਂ ਦਾ ਚਿਹਰਾ 69
ਅੰਦਰ ਮਰਿਆ ਬਸੰਤ 71
ਇੱਕ ਲਾਵਾਰਿਸ ਸਾਈਕਲ 75

# ਤਰਤੀਬ


| | |
|---|---|
| ਸਾਵਣ | 77 |
| ਬਰਸਾਤ | 79 |
| ਸੇਵਾਮੁਕਤ ਹੋਣ ਮਗਰੋਂ | 81 |
| ਪੇਕਿਆਂ ਦਾ ਸੂਟ | 83 |
| ਸਟੇਟਸ ਦਾ ਰਿਸ਼ਤਾ | 85 |
| ਅਸਲੀ ਪਰਿਭਾਸ਼ਾ | 87 |
| ਵੇਹਲੇ ਵੇਲੇ ਦਾ ਗੀਤ | 89 |
| ਡਰ | 91 |
| ਉਦਾਸੀ ਦਾ ਤਾਂਡਵ | 92 |
| ਕੁਝ ਸ਼ਹਿਰ | 93 |
| ਨਹੀਂ ਰਿਹਾ | 94 |
| ਨਹੀਂ ਕਰ ਸਕਿਆ | 96 |
| ਕਿਤੇ ਨਹੀਂ ਕੋਈ ਥਾਂ | 98 |
| ਪੌਦਾ | 99 |
| ਸਾ...ਲ | 100 |
| ਫ਼ਰਕ | 101 |
| ਅੱਜ | 102 |
| ਗੁਨਾਹਾਂ ਦੇ ਨਿਸ਼ਾਨ | 104 |
| ਕੁੱਤਾ-ਮਿਲਣੀ | 106 |
| ਦਰਦ ਦੀ ਪਰਿਭਾਸ਼ਾ | 108 |
| ਗੁਆਚੇ ਲੈਟਰਬਕਸ | 110 |
| ਪਾਰਕ ਵਿੱਚ ਰਿਟਾਇਰਡ ਬੁੱਢੇ | 112 |
| ਪਾਰਕ ਵਿੱਚ ਦੋ ਪ੍ਰੇਮੀ | 115 |
| ਸਰਦੀ ਆਉਣ ਵਾਲੀ ਹੈ | 117 |
| ਪੁਰਾਣੇ ਸ਼ਹਿਰ 'ਚੋਂ ਲੰਘਦਿਆਂ | 119 |

# ਤਰਤੀਬ


| | |
|---|---|
| ਸਭ ਦੇ ਹਿੱਸੇ ਨਹੀਂ | 121 |
| ਆਪਣੇ ਕੰਠ ਅੰਦਰ | 123 |
| ਆਪਣੇ ਆਪ ਨਾਲ ਰਹਿਣਾ | 125 |
| ਦੂਰੋਂ ਦੂਰੋਂ | 127 |
| ਇੱਕ ਸਫ਼ਲ ਬੁੱਧੀਜੀਵੀ | 128 |
| ਖਿੜਿਆ ਹੋਇਆ ਆਦਮੀ | 130 |
| ਬੂਟੇ | 131 |
| ਕੁੜੀਆਂ | 133 |
| ਅੱਜ ਕੱਲ੍ਹ | 135 |
| ਦੱਸ | 136 |
| ਸਈਏ ਨੀ | 138 |
| ਚੱਲ ਪਤੰਗ ਬਣ ਉੱਡੀਏ | 139 |
| ਜਦੋਂ ਵੀ | 140 |
| ਮੁਹੱਬਤ ਇੱਕ ਪਿੰਜਰਾ | 142 |
| ਦੁੱਧ ’ਚ ਜਲੇਬੀਆਂ | 144 |
| ਰਾਤ ਅਮਾਵਸ | 147 |
| ਕਾਲੀ ਹਨ੍ਹੇਰੀ | 148 |
| ਮਹਿਕ ਵਿਹੂਣੇ ਫੁੱਲ | 150 |
| ਕਾਮਯਾਬ ਆਦਮੀ | 152 |
| ਮਗਰੂ ਦਾ ਦਾਦਾ | 154 |
| ਜਿਉਤੀ | 156 |
| ਮੈਂ ਇੱਕ ਅਮਲਤਾਸ | 157 |
| ਗਿਆਨ | 159 |

## ਇਸ ਧਰਤੀ 'ਤੇ ਰਹਿੰਦਿਆਂ : ਸੰਵੇਦਨਹੀਣ ਸਮਿਆਂ ਵਿੱਚ ਸੰਵੇਦਨਸ਼ੀਲ ਕਾਵਿਕਾਰੀ / ਡਾ. ਮਨਮੋਹਨ

ਵਰਤਮਾਨ ਗਿਆਨਾਤਮਕਤਾ ਦੇ ਕੇਂਦਰ 'ਚ ਧਰਤੀ ਅਤੇ ਇਸ ਨਾਲ ਜੁੜੇ ਪ੍ਰਕਿਰਤਕ ਵਰਤਾਰੇ ਹਨ। ਇਸ ਦਾ ਕਾਰਨ ਹੈ ਕਿ ਪੁਨਰ ਜਾਗਰਤੀ ਅਤੇ ਪ੍ਰਬੁੱਧਤਾ ਦੇ ਦੌਰ ਤੋਂ ਲੈ ਕੇ ਆਧੁਨਿਕਤਾ ਦੀ ਧੁਰੀ ਮਾਨਵ ਕੇਂਦ੍ਰਿਤ ਰਹੀ ਹੈ। ਉੱਤਰ-ਆਧਨਿਕਤਾ ਅਤੇ ਉੱਤਰ-ਆਧੁਨਿਕਤਾਵਾਦ ਨੇ ਇਹ ਧੁਰੀ ਥੋੜ੍ਹੀ ਹਿਲਾਈ ਸੀ ਪਰ ਪਾਰ ਅਤੇ ਉਤਰ-ਮਾਨਵਵਾਦ ਨੇ ਮਨੁੱਖੀ ਹੋਂਦ ਦੀਆਂ ਸਥਿਤੀਆਂ ਨੂੰ ਸਮਝਣ ਵਿਚ ਬਦਲਾਓ ਲਿਆਂਦਾ ਹੈ। ਹੁਣ ਤੱਕ ਗਿਆਨ-ਵਿਗਿਆਨ ਦੀ ਸਮਝ ਮਾਨਵ ਕੇਂਦਰਿਤ ਰਹੀ। ਇਹ ਮਨੁੱਖ ਕੇਂਦਰਿਤ ਦ੍ਰਿਸ਼ਟੀਕੋਣ ਸਦੀਆਂ ਤੋਂ ਮਨੁੱਖੀ ਸੋਚ ਤੇ ਸਮਝ 'ਤੇ ਭਾਰੂ ਰਿਹਾ। ਇਹ ਗ਼ੈਰ ਮਾਨਵੀ ਜੀਵਨ ਰੂਪਾਂ ਅਤੇ ਕੁਦਰਤੀ ਵਰਤਾਰਿਆਂ ਨੂੰ ਮਾਨਵੀ ਹਿੱਤਾਂ ਦੇ ਹੱਕ 'ਚ ਭੁਗਤਣ ਦੇ ਦ੍ਰਿਸ਼ਟੀਕੋਣ ਤੋਂ ਦੇਖਦਾ ਹੈ। ਇਸਦੇ ਬਰਅਕਸ ਮਨੁੱਖੀ ਜੀਵਨ ਨੂੰ ਸਮਝਣ ਲਈ ਪੋਸਟ ਹਿਊਮਨਿਜ਼ਮ ਇਕ ਦਾਰਸ਼ਨਿਕ ਅਤੇ ਸਭਿਆਚਾਰਕ ਦ੍ਰਿਸ਼ਟੀਕੋਣ ਹੈ ਜੋ ਮਾਨਵੀ ਵਿਸਤਾਰਵਾਦ ਨੂੰ ਰੱਦ ਕਰਕੇ ਮਨੁੱਖ, ਮਸ਼ੀਨ, ਕੁਦਰਤੀ ਵਰਤਾਰਿਆਂ ਹੋਰ ਹੋਂਦਸ਼ੀਲ ਇਕਾਈਆਂ ਵਿਚਕਾਰਲੀਆਂ ਸੀਮਾਵਾਂ ਨੂੰ ਧੁੰਦਲਾ ਕਰਦਾ ਹੈ। ਮਾਨਵ ਕੇਂਦਰੀਵਾਦ ਸੰਸਾਰ ਨੂੰ ਪ੍ਰਮੁੱਖ ਤੌਰ 'ਤੇ ਮਾਨਵੀ ਲੋਕਾਂ, ਇੱਛਾਵਾਂ ਅਤੇ ਕੇਂਦਰਾਂ ਕੀਮਤਾਂ ਦੇ ਲੈਂਜ਼ ਰਾਹੀਂ ਦੇਖਦਾ ਹੈ ਭਾਵ ਮਨੁੱਖ ਨੂੰ ਬ੍ਰਹਿਮੰਡ ਦੇ ਕੇਂਦਰ ਵਿਚ ਰੱਖਦਾ ਹੈ। ਇਸ ਦ੍ਰਿਸ਼ਟੀਕੋਣ ਤੋਂ ਵਾਤਾਵਰਣ ਦੇ ਵਿਨਾਸ਼, ਜੀਵ ਜਾਨਵਰਾਂ ਅਤੇ ਪੰਖੀਆਂ ਦੇ ਅਲੋਪ ਹੋਣ ਅਤੇ ਸਮਾਜਿਕ ਅਸਮਾਨਤਾਵਾਂ ਵਿਚ ਵਾਧਾ ਹੁੰਦਾ ਹੈ। ਇਸ ਲਈ ਮਾਨਵੀ ਕੇਂਦਰਵਾਦ ਨੂੰ ਰੱਦ ਕਰਦੇ ਉਤਰ ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਮਾਨਵ ਵਿਸਤਾਰਵਾਦ ਨੂੰ ਕਾਟੇ ਹੇਠ ਰੱਖਿਆ ਜਾ ਰਿਹਾ ਹੈ।

ਅਮਰਜੀਤ ਕੌਂਕੇ ਦੀ ਨਵੀਂ ਕਾਵਿ ਕਿਤਾਬ 'ਇਸ ਧਰਤੀ 'ਤੇ ਰਹਿੰਦਿਆਂ' ਦੀਆਂ ਕੁਝ ਕਵਿਤਾਵਾਂ ਨੂੰ ਇਸ ਦ੍ਰਿਸ਼ਟੀ ਤੋਂ ਪੜ੍ਹਿਆ ਜਾ ਸਕਦਾ ਹੈ। ਮਸਲਨ ਕਵਿਤਾ 'ਵਿਰਲਾਪ' ਹੀ ਪੜ੍ਹ ਲਵੋ। ਇਸ ਕਵਿਤਾ ਦੀ ਮਾਰਮਿਕ ਦ੍ਰਿਸ਼ਕਾਰੀ 'ਚੋਂ

ਮਾਨਵੀ ਬਰਬਰਤਾ ਅਤੇ ਕਰੂਰਤਾ ਦਾ ਬੜਾ ਖ਼ੌਫ਼ਨਾਕ ਮੰਜ਼ਰ ਉਦੋਂ ਪੇਸ਼ ਹੁੰਦਾ ਹੈ ਜਦੋਂ ਗਰਭਵਤੀ ਹਥਣੀ ਨੂੰ ਮਨੁੱਖ ਆਪਣੇ ਮੁਫ਼ਾਦ ਲਈ ਬਾਰੂਦੀ ਵਿਸਫ਼ੋਟ ਦੀ ਸ਼ਿਕਾਰ ਬਣਾਉਂਦਾ ਹੈ। ਇਸ ਭਿਆਨਕਤਾ ਰਾਹੀਂ ਮਾਨਵੀ ਨੈਤਿਕਤਾ ਅਤੇ ਧਾਰਮਿਕਤਾ ਦੇ ਪੈਮਾਨਿਆਂ ਨੂੰ ਵੀ ਕਾਟੇ ਹੇਠ ਰੱਖਿਆ ਗਿਆ ਹੈ। ਪੂਰੀ ਕਵਿਤਾ ਮਨੁੱਖੀ ਸਭਿਅਤਾ ਜੀਵਾਂ ਜਾਨਵਰਾਂ ਦੇ ਦੁੱਖ ਅਤੇ ਪੀੜ 'ਚੋਂ ਪੈਦਾ ਹੋਈ ਦੀ ਬਿਹਬਲਤਾ ਅਤੇ ਬੇਵਸੀ ਮੂਹਰੇ ਸ਼ਰਮਸਾਰ ਹੋਣ ਅਤੇ ਪ੍ਰਕਿਰਤੀ ਅਤੇ ਜੀਵਾਂ ਉਪਰ ਮਨੁੱਖੀ ਦਾਬੇ ਤੋਂ ਮੁਕਤੀ ਦਾ ਤਰਕ ਖੜ੍ਹਾ ਕਰਦੀ ਹੈ;

"ਉਹ ਤਾਂ ਜਾਨਵਰ ਸੀ
ਹਥਣੀ ਸੀ ਇਕ ਗਰਭਵਤੀ
ਪੇਟ 'ਚ ਬੱਚਾ ਭੁੱਖਾ
ਮੰਗ ਰਿਹਾ ਹੋਵੇਗਾ ਭੋਜਨ
ਮਾਂ ਸੀ
ਆਪਣੀ ਭੁੱਖ ਬਰਦਾਸ਼ਤ ਕਰ ਲੈਂਦੀ
ਪੇਟ ਵਿੱਚ
ਆਪਣੇ ਬੱਚੇ ਦਾ ਤੜਫ਼ਣਾ
ਕਿਵੇਂ ਸਹਿਣ ਕਰਦੀ

ਬਸਤੀ 'ਚ ਤੁਰ ਆਈ
ਥੋੜ੍ਹੇ ਜਿਹੇ ਭੋਜਨ ਦੀ ਤਲਾਸ਼ ਵਿੱਚ
ਭੋਜਨ ਤਾਂ ਮਿਲਿਆ ਬਸਤੀ 'ਚ
ਇੱਕ ਅਨਾਨਾਸ
ਪਰ ਮੂੰਹ 'ਚ ਜਾਂਦੇ ਹੀ
ਵਿਸਫੋਟ ਬਣ ਗਿਆ
ਫਟ ਗਿਆ ਜਬਾੜਾ
... ... ...
ਵਿਰਲਾਪ ਕੀਤਾ ਹੋਵੇਗਾ
ਇਸ ਧਰਤੀ ਦੇ ਲਈ
ਧਰਤੀ 'ਤੇ ਰਹਿੰਦੇ
ਜਾਨਵਰਾਂ ਤੋਂ ਵੀ ਖ਼ੂੰਖ਼ਾਰ
ਇਨਸਾਨ ਦੇ ਲਈ

ਮਰਨ ਤੋਂ ਪਹਿਲਾਂ
ਉਸ ਮਾਸੂਮ ਜਾਨਵਰ ਨੇ
ਵਿਰਲਾਪ ਕੀਤਾ ਹੋਵੇਗਾ ਬਹੁਤ
ਆਦਮੀ 'ਤੇ ਆਪਣੇ ਵਿਸ਼ਵਾਸ ਦੇ ਲਈ..."

ਪੰਜਾਬ ਦਾ ਵਰਤਮਾਨ ਦੌਰ 'ਉੱਤਰ ਹਰੀ ਕ੍ਰਾਂਤੀ ਕਾਲ' ਦਾ ਦੌਰ ਹੈ ਜਿਸਨੂੰ ਅੱਜ ਕੱਲ੍ਹ 'ਹਰੀ ਭ੍ਰਾਂਤੀ' ਵੀ ਕਿਹਾ ਜਾ ਰਿਹਾ ਹੈ। ਇਸਨੇ ਪੰਜਾਬ ਨੂੰ ਵੱਡੇ ਸੁਪਨੇ ਦਿਖਾਏ ਸਨ ਪਰ ਅੱਜ ਪੰਜਾਬੀ ਆਰਥਿਕਤਾ ਤੇ ਸਭਿਆਚਾਰ ਨੂੰ 'ਨਿਰਾਸ਼ਾ/ਬੇਆਸ' ਤੇ ਨਿਘਾਰ ਦੀ ਜਿੱਲ੍ਹਣ 'ਚ ਫਸਾਅ ਦਿੱਤਾ ਹੈ ਕਿਉਂਕਿ ਇਹ ਮੈਕਾਰਥੀਅਨ ਅਮਰੀਕੀ ਪੂੰਜੀਵਾਦ ਦਾ ਵੱਡਾ ਫੋਰਡ-ਪ੍ਰੋਜੈਕਟ ਸੀ ਜਿਸਦਾ ਪ੍ਰਯੋਗ ਪੰਜਾਬ ਦੀ ਧਰਤੀ 'ਤੇ ਕੀਤਾ ਗਿਆ। ਇਸ ਪਿੱਛੇ ਨਵਬਸਤੀਵਾਦ ਅਤੇ ਨਵਪੂੰਜੀਵਾਦ ਦਾ ਮੂਲ ਮੋਟਿਫ਼ ਨਵੇਂ ਬੀਜਾਂ, ਖਾਦਾਂ, ਕੀੜੇ ਮਾਰ ਦਵਾਈਆਂ ਅਤੇ ਨਵੀਂ ਤਕਨੀਕੀ-ਮਕਾਨਕੀ ਖੇਤੀ ਸੰਦਾਂ ਰਾਹੀਂ ਪੰਜਾਬ ਨੂੰ 'ਖੇਤੀ ਬਸਤੀ' 'ਚ ਤਬਦੀਲ ਕਰਨਾ ਅਤੇ ਵੱਧੋ ਵੱਧ ਲਾਭ ਕਮਾਉਣਾ ਸੀ। ਹਰੀ ਕ੍ਰਾਂਤੀ ਨੂੰ ਹਰੀ ਭ੍ਰਾਂਤੀ ਵੀ ਕਿਹਾ ਜਾਂਦਾ ਹੈ। ਹਰੀ ਕ੍ਰਾਂਤੀ (ਭ੍ਰਾਂਤੀ) ਕਾਰਣ ਹੀ ਪੰਜਾਬ ਨੂੰ ਅੱਤਵਾਦ ਦਾ ਦੌਰ ਦੇਖਣਾ ਪਿਆ।

ਅਮਰੀਕੀ ਨਵਮਾਰਕਸਵਾਦੀ ਚਿੰਤਕ ਫਰੈਡਰਿਕ ਜੇਮਸਨ ਕਹਿੰਦਾ ਹੈ ਕਿ ਵਰਤਮਾਨ ਨੂੰ ਸਮਝਣ ਲਈ ਇਤਿਹਾਸ 'ਚ ਜਾਣਾ ਚਾਹੀਦਾ ਹੈ। ਪੰਜਾਬ ਦੇ ਇਤਿਹਾਸ ਦੀ ਸਮਝ ਭਲੀਭਾਂਤ ਇਹ ਦਰਸਾਉਂਦੀ ਹੈ ਕਿ ਅਸੀਂ ਇਤਿਹਾਸ ਤੋਂ ਕੁਝ ਨਹੀਂ ਸਿੱਖਿਆ। ਅੱਜ ਪੰਜਾਬ 'ਚ ਜਿਸ ਭਿਆਨਕ ਅਤੇ ਚਿੰਤਾਜਨਕ ਦੌਰ 'ਚੋਂ ਲੰਘ ਰਹੇ ਹਾਂ। ਫਰੈਡਰਿਕ ਜੇਮਸਨ ਆਪਣੀ ਕਿਤਾਬ 'The Political Unconscious : Narrative as Socially Symbolic Act' ਵਿਚ ਯੁਟੋਪੀਆ/ਆਸ ਅਤੇ ਡਿਸਟੋਪੀਆ/ਨਿਰਾਸ਼ਾ ਦਾ ਸੰਕਲਪ ਦਿੰਦਾ ਹੈ। ਪੰਜਾਬ ਦਾ ਵਰਤਮਾਨ ਦੌਰ ਉੱਤਰ ਹਰੀ ਕ੍ਰਾਂਤੀ ਕਾਲ (Post Green Revolution) ਦਾ ਦੌਰ ਹੈ। ਇਸਨੂੰ ਅੱਜ ਕੱਲ੍ਹ ਇਸਨੂੰ ਵਿਡੰਬਨਾ ਦੀ ਭਾਸ਼ਾ 'ਚ 'Green Revolution' ਵੀ ਕਿਹਾ ਜਾਣ ਲੱਗ ਪਿਆ ਹੈ ਕਿਉਂਕਿ ਇਸ ਨਾਲ ਕਿਰਸਾਨੀ ਦੀ ਦਸ਼ਾ ਅਤੇ ਦਿਸ਼ਾ ਕਿਤੇ ਭਟਕ ਤੇ ਥਿੜਕ ਗਈ ਜਾਪਦੀ ਹੈ। 'Greed Revolution' ਨੇ ਪੰਜਾਬ ਨੂੰ ਵੱਡੇ ਸੁਪਨੇ ਦਿਖਾਏ ਸਨ ਪਰ ਅੱਜ ਪੰਜਾਬੀ ਆਰਥਿਕਤਾ ਤੇ ਸੱਭਿਆਚਾਰ ਨੂੰ ਨਿਰਾਸ਼ਾ (Dystopia) ਤੇ ਨਿਘਾਰ (Downfall) ਦੀ ਜਿੱਲ੍ਹਣ 'ਚ ਫਸਾਅ ਦਿੱਤਾ ਹੈ। ਇਹ ਨਿਘਾਰ ਸਾਨੂੰ ਪੰਜਾਬ ਦੇ ਹਰ ਸ਼ੋਹਬੇ ਅਤੇ ਖੇਤਰ ਭਾਵ

ਆਰਥਿਕਤਾ, ਸਮਾਜਕ ਅਤੇ ਸਰਕਾਰੀ ਸੰਸਥਾਵਾਂ, ਵਿਕਾਸ ਅਤੇ ਉਦਯੋਗ, ਸਿਹਤ ਅਤੇ ਸਿੱਖਿਆ ਅਤੇ ਕਾਨੂੰਨ ਅਤੇ ਵਿਵਸਥਾ 'ਚ ਪ੍ਰਤੱਖ ਦਿਖਾਈ ਦੇਣਾ ਸ਼ੁਰੂ ਹੋ ਗਿਆ ਹੈ।

ਹਰੀ ਕ੍ਰਾਂਤੀ (ਭ੍ਰਾਂਤੀ) ਕਾਰਣ ਹੀ ਪੰਜਾਬ ਦੀ ਧਰਤੀ ਹੇਠਲੇ ਪਾਣੀ ਦਾ ਸਤੱਰ ਘੱਟ (Depletion) ਗਿਆ ਅਤੇ ਖ਼ਰੀਫ਼ ਭਾਵ ਝੋਨੇ ਦੀ ਖੇਤੀ ਜੋ ਪੰਜਾਬ ਦੇ ਈਕੋ ਸਿਸਟਮ ਅਤੇ ਜਲਵਾਯੂ (Environment) ਦੇ ਅਨੁਕੂਲ ਨਹੀਂ, ਇਸ ਕਾਰਨ ਵੀ ਪੰਜਾਬ ਦੇ ਮਾਰੂਸਥਲੀਕਰਨ (Desertification) ਦੀ ਸੰਭਾਵਨਾਵਾਂ ਤੀਬਰ ਹੋ ਗਈਆਂ ਨੇ। ਝੋਨੇ ਕਾਰਣ ਪਿੱਛਲੇ ਕੁਝ ਸਾਲਾਂ 'ਚ ਪਰਾਲੀ ਨੂੰ ਅੱਗ ਲਾਉਣ ਕਾਰਨ ਪੈਦਾ ਹੋਣ ਵਾਲੀਆਂ ਕਾਰਬਨ ਭਾਰੂ ਤੱਤ ਵਾਲੀਆਂ ਹਵਾਵਾਂ ਨਾਲ ਵਾਤਾਵਰਨ ਪ੍ਰਦੂਸ਼ਿਤ ਹੋ ਰਿਹਾ ਹੈ। ਇਹ ਨਾ ਸਿਰਫ਼ ਮਨੁੱਖਾਂ ਦੀ ਸਿਹਤ ਲਈ ਹੀ ਹਾਨੀਕਾਰਕ ਹੈ ਸਗੋਂ ਇਸ ਵਿਚ ਮਿੱਤਰ ਕੀੜਿਆਂ ਦੇ ਸੇਕ ਕਾਰਨ ਝੁਲਸ ਜਾਣ ਅਤੇ ਮਿੱਟੀ ਦਾ ਉਰਵਰਾਪਨ ਖ਼ੁਸਣ ਦਾ ਖ਼ਤਰਾ ਵੀ ਸ਼ਾਮਿਲ ਹੈ। ਰਬੀ (ਕਣਕ) ਅਤੇ ਖ਼ਰੀਫ਼ (ਝੋਨੇ) ਦੇ ਦੁਸ਼ਚੱਕਰ 'ਚ ਫਸੀ ਖੇਤੀ 'ਚ ਖਤਰਨਾਕ ਕੀਟਨਾਸ਼ਕ ਦਵਾਈਆਂ ਦੀ ਅਤੇ ਖਾਦਾਂ ਦੀ ਹੱਦੋਂ ਵੱਧ ਵਰਤੋਂ ਨਾਲ ਧਰਤੀ ਦੀ ਉਪਰਲੀ ਸਤੱਹ ਜ਼ਹਿਰੀਲੀ ਅਤੇ ਧਰਤੀ ਹੇਠਲਾ ਪਾਣੀ ਬਹੁਤ ਨੀਵਾਂ ਚਲੇ ਗਿਆ ਹੈ ਅਤੇ ਬਹੁਤ ਹੱਦ ਤੱਕ ਰਸਾਇਣਕ ਪੱਧਰ 'ਤੇ ਪ੍ਰਦੂਸ਼ਿਤ ਵੀ ਹੋ ਗਿਆ ਹੈ। ਇਸ ਪ੍ਰਦੂਸ਼ਣ ਤੋਂ ਮੁਕਤ ਹੋਣ ਦਾ ਇੱਕੋ ਇਕ ਹੱਲ ਖੇਤੀ ਵਿਚ ਵਿਭਿੰਨਤਾ (Diversity) ਲਿਆ ਕੇ ਝੋਨੇ-ਕਣਕ ਦੇ ਫ਼ਸਲੀ ਚੱਕਰ 'ਚੋਂ ਨਿਕਲਣ 'ਚ ਹੈ। ਪੰਜਾਬ ਵਿਚ ਕਾਰਪੋਰੇਟ ਕੰਪਨੀਆਂ ਨੇ ਹਾਈਬ੍ਰਿਡ ਬੀਜਾਂ ਦੀ ਕਿਸਮਾਂ ਦੇ ਬੀਜ ਸਪਲਾਈ ਕੀਤੇ ਹਨ ਜੋ ਕਿ ਇਥੋਂ ਦੀਆਂ ਵਾਤਾਵਰਣਕ ਸਥਿਤੀਆਂ ਮੁਆਫ਼ਕ ਨਹੀਂ ਸੀ ਜਿਸ ਕਾਰਨ ਕਿਸਾਨਾਂ ਨੂੰ ਹੋਰ ਜ਼ਿਆਦਾ ਜ਼ਹਿਰਲੀਆਂ ਦਵਾਈਆਂ ਦਾ ਛਿੜਕਾਅ ਕਰਨਾ ਪੈਂਦਾ ਹੈ। ਜਿਸ ਦਾ ਅਸਰ ਵਾਤਾਵਰਣਕ ਅਤੇ ਮਿੱਟੀ ਅਤੇ ਪਾਣੀ ਦਾ ਪ੍ਰਦੂਸ਼ਣ 'ਚ ਪ੍ਰਤੱਖ ਦਿਖਾਈ ਦੇਣ ਲਗਾ ਹੈ। ਪਹਿਲਾਂ ਦੇ ਮੁਕਾਬਲੇ ਝਾੜ ਵਿਚ ਵੀ ਕਮੀ ਆਈ ਹੈ ਅਤੇ ਉਤਪਾਦਨ ਲਾਗਤਾਂ ਵਿਚ ਵਾਧਾ ਹੋਇਆ ਹੈ। ਇਸ ਕਾਰਨ ਕਿਸਾਨਾਂ 'ਤੇ ਲਾਗਤ ਵਧਣ ਕਾਰਨ ਵਿੱਤੀ ਬੋਝ ਵਧਿਆ ਹੈ।

ਕਵਿਤਾ 'ਇੱਕ ਖੰਡਰ ਸ਼ਹਿਰ ਦੀ ਗਾਥਾ' ਨੂੰ ਉਪਰੋਕਤ ਪ੍ਰਸੰਗ 'ਚ ਸਮਝਣਾ ਜ਼ਰੂਰੀ ਹੈ। ਇਹ ਕਵਿਤਾ ਅੱਜ ਦੇ ਪੰਜਾਬ ਦੇ ਵਾਪਰਨ ਵਾਲੇ ਭਵਿੱਖ ਦੇ ਤੌਖ਼ਲਿਆਂ ਦੀ ਚਿੰਤਾ ਅਤੇ ਹੋਣੀ ਅਤੇ ਫ਼ਿਕਰਮੰਦੀ ਦੀ ਦ੍ਰਿਸ਼ਕਾਰੀ ਦੀ ਕਵਿਤਾ ਹੈ। ਕਵਿਤਾ ਦੀਆਂ ਸਤਰਾਂ ਕਿ ਬੰਜਰ ਹੋਈ ਧਰਤ...ਦੂਰ ਦੂਰ ਤੱਕ ਮਾਰੂਥਲ...ਖੰਡਰ ਹੋਏ ਸ਼ਹਿਰ....ਦੂਰ ਦੂਰ ਤੱਕ ਆਕਾਸ਼ 'ਤੇ ...ਚੜ੍ਹੀ ਹੋਈ ਗਹਿਰ...ਇਕ ਗਾਇਡ ਟਰਿੱਪ 'ਤੇ ਆਏ ਹੋਏ ਬੱਚਿਆਂ ਨੂੰ ਦੱਸ ਰਿਹਾ ਹੈ...ਇਸ ਪ੍ਰਸੰਗ 'ਚ ਖ਼ਾਸ ਤੌਰ 'ਤੇ

ਧਿਆਨ ਦੀ ਮੰਗ ਕਰਦੀਆਂ ਹਨ;

> "ਇਹ ਤੁਸੀਂ ਜੋ ਦੇਖ ਰਹੇ ਹੋ ਨਾ ਬੱਚਿਓ !
> ਇਹ ਜੋ ਖੰਡਰ ਹੋਏ ਘਰ ਨੇ
> ਇਹ ਜੋ ਬੰਜਰ ਧਰਤੀ ਹੈ
> ਇਹ ਜੋ ਮੀਲਾਂ ਤੱਕ ਫ਼ੈਲਿਆ ਹੋਇਆ
> ਰੇਗਿਸਤਾਨ ਹੈ
> ਏਥੇ ਕਦੇ ਦਰਿਆ ਵਗਦੇ ਸਨ
> ਏਥੇ ਪੰਛੀ ਚਹਿਚਹਾਉਂਦੇ
> ... ... ...
> ਏਥੇ ਮੀਲਾਂ ਤੀਕ ਜੰਗਲ ਸਨ
> ਲੋਕ ਖੇਤੀ ਕਰਦੇ
> ਚਸ਼ਮੇ ਸਨ
> ਦਰਿਆ ਸਨ
> ... ... ...
>
> ਬੱਚਿਓ !
> ਇਹ ਜੋ ਦੂਰ ਦੂਰ ਤੱਕ
> ਮਾਰੂਥਲ ਦਿਸਦਾ ਹੈ
> ਇਹ ਜੋ ਖੰਡਰ ਹੋਇਆ ਸ਼ਹਿਰ ਹੈ
> ਆਕਾਸ਼ 'ਤੇ ਚੜ੍ਹੀ ਹੋਈ ਗਹਿਰ ਹੈ
> ਇਥੇ ਕਦੇ ਘੁੱਗ ਵੱਸਦਾ ਪੰਜਾਬ ਹੁੰਦਾ ਸੀ..."

ਕਵਿਤਾ ਲਿਖਣਾ ਕਿਸੇ ਰੋਜ਼ਮੱਰਾ ਦੇ ਅਨੁਭਵ ਦਾ ਪ੍ਰਗਟਾਵਾ ਹੋਵੇ ਹੀ, ਇਹ ਜ਼ਰੂਰੀ ਨਹੀਂ ਪਰ ਕਵਿਤਾ ਆਪਣੇ ਆਪ 'ਚ ਹੀ ਅਨੁਭਵ ਹੋ ਹੀ ਸਕਦੀ ਹੈ ਜਾਂ ਕਿਸੇ ਹੋਰ ਅਨੁਭਵ ਤੱਕ ਤਾਂ ਲੈ ਕੇ ਜਾ ਹੀ ਸਕਦੀ ਹੈ ਜਾਂ ਫਿਰ ਉਸਦੀ ਨਵੇਂ ਢੰਗ ਨਾਲ ਪ੍ਰਤੀਤ ਕੀਤਾ ਜਾ ਸਕਣ ਵਾਲਾ ਸਾਧਨ ਤੇ ਮਾਧਿਅਮ ਵੀ ਹੋ ਸਕਦੀ ਹੈ। ਇੰਝ ਕਵਿਤਾ ਆਪਣੇ ਆਪ 'ਚ ਇਕ ਸਵੈਸਿੱਧ ਹੋਂਦਸ਼ੀਲ ਸੱਤਾ ਵੀ ਬਣਦੀ ਹੈ ਜੋ ਸਿਰਫ਼ ਆਲੇ ਦੁਆਲੇ ਵਾਪਰ ਰਹੇ ਯਥਾਰਥ 'ਤੇ ਆਧਾਰਿਤ ਹੁੰਦੀ ਹੈ। ਇਸਦਾ ਅਨੁਭਵ ਵਸਤੂਗਤ ਵੀ ਹੋ ਸਕਦੈ ਤੇ ਉਸ ਤੋਂ ਪਾਰ ਹੋ ਕੇ ਪ੍ਰਕੇਵਲ ਵੀ ਹੋ ਸਕਦਾ ਹੈ। ਵੈਲੇਸ ਸਟੀਵਨ ਇਸੇ ਲਈ ਕਹਿੰਦਾ ਹੈ; "The Poet is priest of invisible"। ਇਸ

ਨੌਈਅਤ ਦੀ ਕੁਝ ਕਵਿਤਾਵਾਂ ਜਿਵੇਂ 'ਇਕ ਬਲਦੀ ਦੁਪਹਿਰ', 'ਮੀ ਟੂ', 'ਅਜਗਰ', 'ਬਿਸਾਤ', 'ਖ਼ਤਰਨਾਕ ਬਿੰਬ'. ਫੌਜੀ ਸਾਹਮਣੇ ਮੁੱਕਾ ਤਾਣ ਕੇ ਖੜ੍ਹੀ ਕੁੜੀ' ਕਵਿਤਾਵਾਂ 'ਇਸ ਧਰਤੀ 'ਤੇ ਰਹਿੰਦਿਆਂ'' ਦੇ ਪਾਠ ਨੂੰ ਪੜ੍ਹਨਯੋਗ ਬਣਾਉਂਦੀਆਂ ਹਨ ਕਿਉਂਕਿ ਕਵਿਤਾ ਵਿਚਾਰਧਾਰਾ ਨਹੀਂ ਹੁੰਦੀ ਪਰ ਉਸ 'ਚ ਇਕ ਵਿਚਾਰਯੋਗ ਦ੍ਰਿਸ਼ਟੀਭਾਵ ਜ਼ਰੂਰ ਸਮਾਇਆ ਹੁੰਦਾ ਹੈ ਜੋ ਚਿੰਤਨ ਤੇ ਚਿੰਤਾ ਦਰਮਿਆਨ ਡੋਲਦਾ ਰਹਿੰਦਾ ਹੈ। ਚਿੱਤ, ਚਿੰਤਨ ਅਤੇ ਚਿੰਤਾ ਦੀ ਇਹ ਸੰਲਗਨਤਾ ਹੀ ਕਵੀ ਨੂੰ ਕਮਿੰਟਮੈਂਟ ਤੋਂ ਪਾਰ ਵੱਡੇ ਸਰੋਕਾਰਾਂ ਨਾਲ ਇਨਵਾਲਮੇਂਟ ਦੀ ਸੰਵੇਦਨਾ ਪ੍ਰਦਾਨ ਕਰਦੀ ਹੈ। ਕਵਿਤਾ 'ਇਸ ਧਰਤੀ 'ਤੇ ਰਹਿੰਦਿਆਂ'' ਨੂੰ ਇਸ ਸੰਵੇਦੀ ਸੁਹਿਰਦਤਾ ਤੋਂ ਪੜ੍ਹਿਆ ਜਾ ਸਕਦਾ ਹੈ;

''ਇਸ ਧਰਤੀ 'ਤੇ ਰਹਿੰਦਿਆਂ
ਬਸ ਏਨਾ ਕੁ ਕੀਤਾ ਮੈਂ
ਕਿ ਬਚਾ ਲਏ ਕੁਝ ਕੁ ਸ਼ਬਦ
ਜਿਨ੍ਹਾਂ ਨੂੰ ਗੁਆ ਰਹੇ ਸਨ
ਗਾਫ਼ਲ ਲੋਕ ਬੇਅਰਥ
... ... ...
ਕਵੀ ਸਾਂ ਮੈਂ
ਮੇਰੇ 'ਤੇ ਵੀ ਸੀ
ਕੁਦਰਤ ਦਾ ਕਰਜ਼
ਬਚਾ ਲੈਣਾ ਚਾਹੁੰਦਾ ਸਾਂ
ਉਹ ਸਾਰਾ ਕੁਝ
ਜੋ ਪਲ ਪਲ
ਛਿਣ ਛਿਣ
ਗੁਆਚਦਾ ਜਾ ਰਿਹਾ
ਬਸ ਏਨਾ ਕੁ ਕੀਤਾ ਮੈਂ
ਕਿ ਸੰਭਾਲ ਲਏ
ਕੁਝ ਕੁ ਸ਼ਬਦ
ਆਪਣੀਆਂ ਕਵਿਤਾਵਾਂ ਦੇ ਵਿੱਚ...''

ਕਵਿਤਾ ਅਤੇ ਜੀਵਨ ਦੇ ਆਪਸੀ ਸਬੰਧਾਂ-ਰਿਸ਼ਤੇ ਨੂੰ ਚੰਗੀ ਤਰ੍ਹਾਂ ਉਦੋਂ ਸਮਝਿਆ ਜਾ ਸਕਦੈ ਜਦੋਂ ਕਵਿਤਾ ਨੂੰ ਜੀਵਨ ਦੇ ਰੂਪਕਾਂ ਅਤੇ ਬਿੰਬਾਂ ਦੀ ਭਾਸ਼ਾ

ਰਾਹੀਂ ਸੋਚਿਆ ਜਾਂਦੈ। ਯਥਾਰਥ ਚਾਹੇ ਜੀਵਨ ਦਾ ਹੀ ਹਿੱਸਾ ਪਰ ਯਥਾਰਥ ਦੀ ਭਾਸ਼ਾ 'ਚ ਕਵਿਤਾ ਦੀ ਸੱਤਾ ਨੂੰ ਭਾਸ਼ਿਤ ਅਤੇ ਪ੍ਰਭਾਸ਼ਿਤ ਕਰਨਾ ਔਖਾ ਹੁੰਦੈ। ਕਵਿਤਾ ਦੀ ਸੱਤਾ ਜੀਵਨ ਦੀ ਸ਼ਕਤੀ ਵਾਂਗ ਹੈ। ਇਸ ਲਈ ਅਸੀਂ ਕਵਿਤਾ ਦੀ ਭਾਸ਼ਾ ਨੂੰ ਦਰਅਸਲ ਬਿੰਬਾਂ ਅਤੇ ਕਲਪਨਾਵਾਂ ਰਾਹੀਂ ਸੋਚਦੇ ਹਾਂ। ਇਸ ਲਈ ਕਵਿਤਾ ਕਦੋਂ ਲਿਖ ਹੋ ਜਾਂਦੀ ਹੈ ਜਾਂ ਕਵਿਤਾ ਆਪਣੇ ਆਪ ਨੂੰ ਕਿਵੇਂ ਲਿਖਵਾ ਲੈਂਦੀ ਹੈ, ਆਪਣੇ ਆਪ 'ਚ ਬੜਾ ਗੁੰਝਲਦਾਰ ਵਰਤਾਰਾ ਹੈ। ਇਸੇ ਲਈ ਚੰਗੀਆਂ ਕਵਿਤਾਵਾਂ ਯਾਦ ਰਹਿ ਜਾਂਦੀਆਂ ਹਨ, ਕਵੀ ਨੂੰ ਵੀ ਅਤੇ ਪਾਠਕ ਨੂੰ ਵੀ ਭਾਵੇਂ ਕਿ ਉਹ ਅਧੂਰੀਆਂ ਹੀ ਕਿਉਂ ਨਾ ਹੋਣ। ਡੇਲਨ ਥੋਮਸ ਲਿਖਦਾ ਹੈ; "A good poem is a contribution to reality. The world is never the same once a good poem is added to it"। ਇਸ ਦ੍ਰਿਸ਼ਟੀ ਤੋਂ ਕਵਿਤਾ 'ਗੁਆਚੀਆਂ ਹੋਈਆਂ ਕਵਿਤਾਵਾਂ' ਨੂੰ ਦੇਖਿਆ ਜਾ ਸਕਦਾ ਹੈ;

"ਯਾਦ ਆਉਂਦੀਆਂ ਅਕਸਰ
ਉਹ ਅਣਲਿਖੀਆਂ
ਅੱਧੀਆਂ ਅਧੂਰੀਆਂ ਕਵਿਤਾਵਾਂ
ਜਿਨ੍ਹਾਂ ਨੂੰ ਰੱਖ ਨਹੀਂ ਸਕਿਆ ਸਾਂਭ ਕੇ
... ... ...
ਬਸ ਖ਼ਿਆਲਾਂ 'ਚ ਜਨਮੀਆਂ
ਖ਼ਿਆਲਾਂ 'ਚ ਹੀ
ਗੁਆਚ ਗਈਆਂ
ਬਹੁਤ ਸਾਰੀਆਂ
ਅਣਲਿਖੀਆਂ
ਅੱਧੀਆਂ ਅਧੂਰੀਆਂ ਕਵਿਤਾਵਾਂ....."

ਕਵਿਤਾ ਦੀ ਕਲਾ ਹੈ, ਕਾਵਿਕਾਰੀ। ਜਿਸਦਾ ਭਾਵ ਏ, ਸ਼ਬਦ ਦੀ ਪੂਰਣਤਾ ਨੂੰ ਪਾਉਣਾ। ਦਿੱਸਦਾ ਸ਼ਬਦ ਪੂਰਣ ਨਹੀਂ। ਸ਼ਬਦ ਦੀ ਪੂਰਣਤਾ, ਸ਼ਬਦ ਦੇ ਪਾਰ ਹੈ। ਅਦਿੱਖ। ਕਈ ਵਾਰ ਓਸ ਤੋਂ ਵੀ ਪਰ੍ਹਾਂ। ਸ਼ਬਦਾਂ ਤੋਂ ਪਾਰ ਦੇ ਅਧਿਆਤਮ ਨੂੰ ਪ੍ਰਾਪਤ/ਦਿੱਸਦੀ ਸ਼ਬਦ-ਸਮਰੱਥਾ ਤੋਂ ਪਰ੍ਹਾਂ ਜਾ ਕੇ ਫੜ੍ਹਨਾ, ਕਵਿਤਾ ਹੈ। ਏਸ ਅਧਿਆਤਮ 'ਚ ਸਵੈ ਤੋਂ ਲੈ ਕੇ ਪਰ ਤਕ ਦੇ ਸਾਰੇ ਵਰਤਾਰੇ ਸ਼ਾਮਿਲ ਹੁੰਦੇ ਨੇ। ਕਾਵਿਕਾਰੀ, ਕਿਸੇ ਪਰਦਾਦਾਰੀ ਜਾਂ ਪਰਹੇਜ਼ਗਾਰੀ ਦੀ ਕਾਇਲ ਨਹੀਂ। ਇਸਨੂੰ 'ਜੋ' ਭਾਉਂਦਾ, ਜੱਚਦਾ, ਬੇਖਟਕ ਇਸਦੇ ਕੋਲ ਆ ਜਾਂਦੈ। ਪਰ ਇਸ 'ਜੋ' ਨੂੰ

ਪਰਿਭਾਸ਼ਿਤ ਕਰਨਾ ਔਖੈ। ਇਸਦਾ ਕੋਈ ਰੂਪ, ਅਕਾਰ ਤੇ ਵਜੂਦ ਨਹੀਂ ਹੁੰਦਾ। ਕਵਿਤਾ ਨਿਰਮੂਲ ਜਿਹੀਆਂ ਵਸਤਾਂ ਅਤੇ ਅਪ੍ਰਸੰਗਿਕ ਹੋ ਚੁੱਕੇ ਵਰਤਾਰਿਆਂ 'ਚੋਂ ਆਪਣਾ ਆਪ ਬਣਾ ਲੈਂਦੀ ਹੈ। ਇਸ ਦ੍ਰਿਸ਼ਟੀ ਤੋਂ ਦੋ ਕਵਿਤਾਵਾਂ 'ਚੱਪਲਾਂ' ਅਤੇ 'ਇੱਕ ਲਾਵਾਰਿਸ ਸਾਇਕਲ' ਮਹੱਤਵ ਅਖ਼ਤਿਆਰ ਕਰਦੀਆਂ ਦਿਖਾਈ ਦਿੰਦੀਆਂ ਹਨ;

"ਸਾਇਕਲ ਸਟੈਂਡ ਦੀ ਇੱਕ ਨੁੱਕਰ 'ਚ
ਮਹੀਨਿਆਂ ਤੋਂ ਤੱਕ ਰਿਹਾਂ
ਇਕ ਲਾਵਾਰਿਸ ਸਾਇਕਲ
ਧੂੜ ਮਿੱਟੀ ਨਾਲ ਭਰਿਆ
... ... ...
ਮੇਰੀ ਕਵਿਤਾ 'ਚ ਸਾਇਕਲ ਦੌੜ ਰਿਹਾ ਹੈ
ਆਪਣੇ ਚਿਰਾਂ ਤੋਂ ਗੁਆਚੇ ਮਾਲਕ ਨੂੰ ਲੱਭਣ ਦੇ ਲਈ
ਭੀੜ ਭਰੇ ਬਾਜ਼ਾਰਾਂ
ਚੌਕਾਂ ਚੁਰਾਹਿਆਂ
ਕਿਸੇ ਨਹਿਰ ਕਿਨਾਰੇ
ਸਾਇਕਲ ਦੌੜ ਰਿਹਾ ਹੈ
ਮੈਂ ਸਾਇਕਲ ਨੂੰ ਆਪਣੀ ਕਵਿਤਾ ਵਿੱਚੋਂ
ਲੰਘਣ ਲਈ
ਰਾਹ ਛੱਡਦਾ ਹਾਂ..."

ਫ਼ਾਰਸੀ ਵਾਲੇ ਪ੍ਰੇਮ ਦੇ ਸੱਤ ਰੂਪ ਦੱਸਦੇ ਨੇ; ਦਿਲਕਸ਼ੀ, ਉਨਸ, ਮੁਹੱਬਤ, ਅਕੀਦਤ, ਇਬਾਦਤ, ਜਨੂਨ ਤੇ ਫ਼ਨਾਹ । ਜਿੰਨੇ ਕਵੀ ਓਨੀਆਂ ਹੀ ਕਿਸਮਾਂ ਦੇ ਪ੍ਰੇਮ-ਭਾਵ ਤੇ ਪ੍ਰਗਟਾਵੇ। ਪ੍ਰੇਮ ਕਰਨਾ ਵੀ ਇਕ ਮਹਾਨ ਕਵਿਤਾ ਦੀ ਰਚਨਾ ਦੀ ਤਰ੍ਹਾਂ ਹੈ ਜੋ ਰਚੇ ਜਾਣ ਲਈ ਵਕਤ ਲੈਂਦੀ ਹੈ ਅਤੇ ਰਚੇ ਜਾਣ ਤੋਂ ਬਾਅਦ ਵੀ ਉਸ 'ਚ ਪੂਰੇ ਹੋਣ ਦੀ ਗੁੰਜਾਇਸ਼ ਰਹਿੰਦੀ ਹੈ । ਪਲੈਟੋ ਕਹਿੰਦਾ ਹੈ ਕਿ ਪ੍ਰੇਮ ਦੀ ਛੋਹ ਨਾਲ ਹਰ ਕੋਈ ਕਵੀ ਬਣ ਜਾਂਦੈ । ਪਰ ਇਹ ਵੀ ਸਹੀ ਹੈ ਕਿ ਹਰ ਪ੍ਰੇਮੀ ਕਵੀ ਨਹੀਂ ਹੁੰਦਾ। ਕਵੀ ਹੋਣ ਲਈ ਪ੍ਰੇਮ ਇਕ ਪ੍ਰੇਰਨਾ ਹੈ, ਇਕ ਨਿਸ਼ਬਦ ਪ੍ਰੋਤਸਾਹਨ। ਇਸ ਸੰਦਰਭ 'ਚ ਇਸ ਕਾਵਿ-ਕਿਤਾਬ ਦੀਆਂ ਕੁਝ ਕਵਿਤਾਵਾਂ ਜਿਵੇਂ 'ਰਿਸ਼ਤਾ' 'ਪਰਿਭਾਸ਼ਾ' 'ਕਿਤੇ ਕੋਈ ਥਾਂ ਨਹੀਂ' 'ਫ਼ਰਕ' ਨੂੰ ਦੇਖਿਆ ਜਾ ਸਕਦਾ ਹੈ। ਇਨ੍ਹਾਂ ਕਵਿਤਾਵਾਂ ਵਿਚ 'ਮੈਂ' ਭਾਵ ਦੀ ਪਹਿਚਾਣ 'ਤੂੰ' ਭਾਵ ਦੀ ਹੋਂਦ ਵਿਚੋਂ ਉਗਮਦਾ ਹੈ। ਮਾਰਤਿਨ

ਬੂਬਰ ਇਸਨੂੰ ਆਪਣੀ ਕਿਤਾਬ "I am Thou" 'ਚ ਆਪਣੀ ਪਹਿਚਾਣ ਦੂਜੇ ਨੂੰ ਦੇਖਣ, ਸਮਝਣ, ਮਹਿਸੂਸਣ ਦੇ ਪ੍ਰਗਟਾਵੇ 'ਚੋਂ ਤਲਾਸ਼ਦਾ ਹੈ;

"ਤੇਰਾ ਤੇ ਮੇਰਾ ਰਿਸ਼ਤਾ
ਸਿਰਫ਼ ਉਨਾ ਚਿਰ ਸੁਰਖਿਅਤ ਹੈ
ਜਿੰਨਾਂ ਚਿਰ
ਮੈਂ ਤੈਨੂੰ
ਸਿਰਫ਼ ਤੇਰੇ ਕਰ ਕੇ ਜਾਣਦਾ ਹਾਂ
ਜਿੰਨਾ ਚਿਰ
ਤੂੰ ਮੈਨੂੰ
ਸਿਰਫ਼ ਮੇਰੇ ਕਰ ਕੇ
ਪਹਿਚਾਣਦੀ ਹੈਂ..."
... ... ...

"ਮੈਂ ਕਿਹਾ-
ਕਿ ਜਦੋਂ ਦੀ ਮੈਨੂੰ ਤੂੰ ਮਿਲੀ ਹੈਂ
ਮੈਨੂੰ ਆਪਣਾ ਆਪ
ਗੁਆਚਾ ਹੋਇਆ ਲੱਗੇ
ਹਰ ਵੇਲੇ ਹੀ
ਅੱਚਵੀ ਜਿਹੀ
ਮਨ ਨੂੰ ਰਹਿੰਦੀ
ਕਿਸੇ ਥਾਂ ਵੀ
ਕਿਸੇ ਗੱਲ ਵਿੱਚ
ਮਨ ਨਾ ਲੱਗੇ..."

ਵਿਚਾਰ, ਵਿਚਾਰਧਾਰਾ ਨਹੀਂ ਹੁੰਦਾ। ਕਵਿਤਾ ਵਿਚਾਰਧਾਰਾ ਦਾ ਉਪਚਾਰ ਹੈ। ਕਵਿਤਾ ਵਿਚਾਰ ਤੋਂ ਬਹੁਤ ਪਰ੍ਹਾਂ ਦਾ ਵਰਤਾਰਾ ਹੈ ਪਰ ਕਾਵਿਕਾਰੀ ਨੂੰ ਕੋਈ ਝਿਜਕ ਨਹੀਂ ਕਿ ਕਿਹੜਾ ਵਿਚਾਰ, ਵਿਹਾਰ ਜਾਂ ਵਸਤੂ ਜਾਇਜ਼ ਹੈ, ਸੀਮਤ ਜਾਂ ਦੂਸ਼ਿਤ। ਇਹ ਆਪਣੇ ਅਮੂਰਤਨ ਦੇ ਬਾਵਜੂਦ ਵੀ ਸਮਝ ਆਉਂਦੈ ਜਿਵੇਂ ਮਾਦੇ ਅੰਦਰਲੇ ਆਤਮ ਨੂੰ ਪ੍ਰਤੱਖਿਆ...ਭਾਸਿਆ ਜਾ ਸਕਦੈ ਕਿਉਂ ਕਿ ਇਹ ਆਪਣੀ

ਕਾਵਿ-ਭਾਸ਼ਾ, ਸ਼ਿਲਪ, ਸ਼ੈਲੀ, ਵਿਧੀ ਤੇ ਸ਼ਬਦਕਾਰੀ ਆਪਣੇ ਨਾਲ ਹੀ ਲੈ ਕੇ ਆਉਂਦੈ। ਨਿਰਉਚੇਚ। ਸਹਿਜ ਭਾਵ। ਸਹਿਜ ਹੀ ਸਿਰਜਣਾ ਏ। ਏਸ ਸਿਰਜਣ 'ਚ ਹੀ ਜਿਊਣ ਹੈ। ਇਹ ਹੀ ਜੀਵਨ-ਮਰਨ...! ਜਿਸ ਰਾਹੀਂ ਕਵਿਤਾ ਆਪਣੀ ਸ਼ਾਬਦਿਕਤਾ 'ਚੋਂ ਉਗਮਦੀ ਹੈ। ਇੰਝ ਕਵਿਤਾ ਦੀ ਭਾਸ਼ਾ ਆਪਣੇ ਸਵੈਭੰ 'ਚੋਂ ਆਪਣਾ ਸਰੂਪ ਗ੍ਰਹਿਣ ਕਰਦੀ ਹੈ। ਵਿਚਾਰਹੀਨ ਕਵਿਤਾਵਾਂ ਸੋਚਰਹਿਤ ਸਰੀਰ ਵਾਂਗ ਹੁੰਦੀਆਂ ਹਨ। ਕਵਿਤਾ ਸਵਾਂਗ ਸੁੰਦਰ ਨਾ ਵੀ ਹੋਵੇ ਜੇ ਅਕਲ, ਮਨ, ਸੋਚ ਤੇ ਵਿਚਾਰਹੀਣ ਹੈ ਤਾਂ ਉਸ ਸੁੰਦਰ ਕਵਿਤਾ ਦਾ ਕੋਈ ਮੁੱਲ ਨਹੀਂ।

ਜ਼ਰੂਰੀ ਨਹੀਂ ਕਿ ਆਪਣੇ ਸਮਿਆਂ ਨੂੰ ਕਵੀ ਆਪਣੇ ਹੀ ਸਮੇਂ 'ਚ ਖੜ੍ਹੇ ਹੋ ਕੇ ਦੇਖੇ। ਉਸ ਭਵਿੱਖ ਦੇ ਕਿਸੇ ਅਨੁਮਾਨੇ ਬਿੰਦੂ ਅਤੇ ਅਤੀਤ ਦੀਆਂ ਖਿਣਕ ਸਥਿਤੀਆਂ ਤੋਂ ਵੀ ਦੇਖ ਸਕਦਾ ਹੈ। ਸਹੀ ਪਰਿਪੇਖ ਅਤੇ ਬਦਲਤੇ ਪ੍ਰਦ੍ਰਿਸ਼ ਦੋਵੇਂ ਹੀ ਕਵਿਤਾ ਦੀਆਂ ਅੰਤਰੀਵੀ ਆਵੱਸ਼ਕਤਾਵਾਂ ਦੀ ਨਿਸ਼ਾਨਦੇਹੀ ਕਰਦੇ ਹਨ। ਕਵਿਤਾ ਆਪਣੇ ਪ੍ਰਸੰਗ ਆਪੇ ਹੀ ਅਤੀਤ ਦੀ ਭਾਸ਼ਾ 'ਚੋਂ ਲੱਭ ਲੈਂਦੀ ਹੈ ਅਤੇ ਭਾਸ਼ਾ ਦੀਆਂ ਸੀਮਾਵਾਂ ਤੋਂ ਪਾਰ ਹੋ ਜਾਂਦੀ ਹੈ। ਇਸੇ ਲਈ ਲੁਡਵਿਗ ਵਿਟਜਨਸਟੀਨ ਕਹਿੰਦਾ ਹੈ; "The limits of my language mean the limits of my world."। ਇਸ ਦ੍ਰਿਸ਼ਟੀਬਿੰਦੂ ਤੋਂ ਅਤੀਤ ਦੀਆਂ ਪਰਤਾਂ ਚੋਂ ਭਵਿੱਖ ਦੀ ਰਾਹ ਤਲਾਸ਼ਦੀ ਕਵਿਤਾ ਹੈ; 'ਬੂਟੇ';

"ਮੈਂ ਕਦੋਂ ਸਾਂ ਜਾਣਦਾ  
ਸੱਚਮੁੱਚ ਨਹੀਂ ਸਾਂ ਜਾਣਦਾ  
ਇਹ ਜੋ ਬੀਜ ਮੈਂ  
ਬੀਜ ਰਿਹਾਂ ਧਰਤੀ ਵਿਚ  
ਵੱਧਦੇ ਵੱਧਦੇ ਦਿਨ ਕਿਸੇ ਇਹ  
ਬਿਰਖ ਬਣਨਗੇ  
ਇਨ੍ਹਾਂ ਦੀ ਟਹਿਣੀ ਬਣੇਗੀ ਨਾ ਬੰਸਰੀ  
ਨਾ ਕੋਈ ਰਬਾਬ  
ਬਣਨਗੀਆਂ ਸ਼ਾਖਾਵਾਂ ਇਨ੍ਹਾਂ ਦੀਆਂ  
ਤੀਰ ਜ਼ਹਿਰ ਵਿਚ ਬੁਝੇ  
ਟੰਗਣਗੇ ਜੋ ਸੂਲੀ ਉੱਤੇ  
ਮਾਸੂਮ ਅਣਭੋਲੇ ਜਿਹੇ ਖ਼ਾਬ  
... ... ...  
ਮੈਂ ਨਹੀਂ ਸਾਂ ਜਾਣਦਾ

ਸੱਚਮੁੱਚ ਨਹੀਂ ਸਾਂ ਜਾਣਦਾ
ਕਿ ਬੀਜ ਅੰਦਰ ਲੁਪਤ ਹੈ
ਜੋ ਬਿਰਖ ਅਜੇ
ਕਿਹੋ ਜਿਹੀ ਜ਼ਹਿਰੀਲੀ ਹੈ ਉਸਦੀ ਤਾਸੀਰ
ਮਹਿਕਦੇ ਫੁੱਲਾਂ ਦੀ ਥਾਂ ਫੁੱਟ ਪੈਣਗੇ
ਬੀਜਾਂ ਦੇ ਅੰਦਰੋਂ ਇਹ
ਜ਼ਹਿਰ ਬੁਝੇ ਤੀਰ...''

ਮਾਨਵੀ ਹੋਂਦ ਦੀ ਸੰਕਲਪਨਾ ਬਾਰੇ ਪੱਛਮ ਵਿਚ ਅਫ਼ਲਾਤੂਨ, ਸੁਕਰਾਤ ਅਤੇ ਅਰਸਤੂ ਤੋਂ ਲੈ ਕੇ ਪੁਨਰ-ਜਾਗਰਤੀ ਅਤੇ ਪ੍ਰਬੁੱਧਤਾ ਕਾਲ ਤੱਕ ਆਉਂਦੇ ਆਉਂਦੇ ਆਧੁਨਿਕਤਾ, ਉਤਰ ਆਧੁਨਿਕਤਾ ਦੇ ਪਿੜ ਵਿਚ ਬੜੇ ਵਿਸਤਾਰ ਨਾਲ ਸੋਚ ਵਿਚਾਰ ਹੋਇਆ ਮਿਲਦਾ ਹੈ। ਹੁਣ ਉਤਰ ਅਤੇ ਪਾਰ-ਮਾਨਵਵਾਦੀ ਚਿੰਤਨ ਵਿਚ ਵੀ ਮਾਨਵ ਤੇ ਹੋਰ ਹੋਂਦਾਂ ਦੇ ਸਬੰਧਾਂ ਨੂੰ ਸਮਝਣ ਦਾ ਸਿਲਸਿਲਾ ਜਾਰੀ ਹੈ। ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦੇ ਤਕਨੀਕੀ ਤਰਕ ਦੇ ਭਵਿੱਖਮੁਖੀ ਦ੍ਰਿਸ਼ਟੀਕੋਣ ਵਿਚ ਇਸ ਕਾਰਣ ਇਕ ਵਧੇਰੇ ਇਨਕਲਿਊਸਿਵ-ਇੰਟਰਕੁਨੈਕਟਿਡ ਵਿਸ਼ਵ ਦ੍ਰਿਸ਼ਟੀਕੋਣ ਉਭਰ ਰਿਹਾ ਹੈ। ਇਸ ਦੇ ਅੰਤਰਗਤ ਪਾਰ-ਮਾਨਵਵਾਦ ਤੇ ਉੱਤਰ ਮਾਨਵਵਾਦ ਦੇ ਵਰਗ ਦ੍ਰਿਸ਼ਟੀਕੋਣ ਰਾਹੀਂ ਆਰਟੀਫੀਸ਼ੀਅਲ ਇੰਟੈਲੀਜੈਂਸ, ਐਲਗੋਰਿਦਮਜ਼, ਡਾਟਾ-ਬਿੱਗ ਡਾਟਾ ਆਦਿ ਸ਼ਾਮਿਲ ਹੋ ਕੇ 'Mind-Machine', ਸਮਨਵੈ ਨਾਲ ਮਾਨਵੀ ਸਵੈ ਅਤੇ ਮਾਨਵ ਬਾਹਰੀ ਤੇ ਅੰਤਰੀਵੀ ਜੀਵੰਤ ਹੋਂਦਾਂ ਦੇ ਸਹਿ-ਅਸਤਿੱਤਵ ਦੀਆਂ ਸੰਭਾਵਨਾਵਾਂ ਨੂੰ ਸੋਚਿਆ ਅਤੇ ਮੁੜ ਉਲੀਕਿਆ ਜਾ ਰਿਹਾ ਹੈ। ਇਸ ਦ੍ਰਿਸ਼ਟੀਕੋਣ ਤੋਂ ਕਵਿਤਾ 'ਆਖ਼ਰੀ ਪੀੜ੍ਹੀ ਦੇ ਲੋਕ' ਬਹੁਤ ਮਹੱਤਵਪੂਰਨ ਹੈ;

''ਅਸੀਂ ਉਸ ਆਖ਼ਰੀ ਪੀੜ੍ਹੀ ਦੇ ਲੋਕ ਹਾਂ
ਜਿਨ੍ਹਾਂ ਨੂੰ ਸ਼ਬਦਾਂ ਨਾਲ ਮੁਹੱਬਤ ਸੀ
ਸ਼ਬਦਾਂ ਦੇ ਖੰਭਾਂ 'ਤੇ ਬੈਠ
ਅਸੀਂ ਕਿੰਨੇ ਅੰਬਰਾਂ ਵਿਚ
ਘੁੰਮ ਆਉਂਦੇ ਸਾਂ
ਨਹੀਂ ਸੀ ਸਾਡੇ ਕੋਲ
ਫੇਸਬੁੱਕ, ਵਟਸਅੱਪ, ਇੰਟਰਨੈੱਟ
ਸਾਨੂੰ ਤਾਂ ਮਹਿਬੂਬ ਨੂੰ

ਪਰਪੋਜ਼ ਕਰਨ ਲਈ
ਸਾਰੀ ਸਾਰੀ ਉਮਰ ਲੰਘ ਜਾਂਦੀ ਸੀ
ਮਾਂ ਪਿਉ ਦੀ ਇੱਜ਼ਤ ਲਈ
ਡਰਦਿਆਂ ਡਰਦਿਆਂ
ਰੂਹ ਵਿਚ ਆਪਣੇ ਅਰਮਾਨਾਂ ਨੂੰ ਦੱਬ ਕੇ
ਸਾਰੀ ਉਮਰ ਜਿਉਂਈ ਜਾਣ ਵਾਲੀ
ਅਸੀਂ ਉਸ ਆਖ਼ਰੀ ਪੀੜ੍ਹੀ ਦੇ ਲੋਕ ਹਾਂ...''

ਕਵਿਤਾ ਦੀ ਸਵੈ-ਸੁਤੰਤਰ ਹੋਂਦ ਹੈ। ਕਵਿਤਾ ਲਿਖੇ ਜਾਣ ਤੋਂ ਬਾਅਦ, ਕਵੀ ਦਾ ਉਸ ਨਾਲ ਕੋਈ ਬਹੁਤਾ ਵਾਸਤਾ ਨਹੀਂ ਰਹਿੰਦਾ ਕਿਉਂਕਿ ਕਵੀ ਦੀ ਭੂਮਿਕਾ ਆਪਣਾ ਆਪ ਹੰਢਾਅ ਚੁੱਕੀ ਹੁੰਦੀ ਹੈ। ਲਿਖੇ ਜਾਣ ਬਾਅਦ ਕਵਿਤਾ ਆਪ ਖ਼ੁਦਮੁਖ਼ਤਾਰ ਹੈ। ਉਸ ਨੂੰ ਕਿਸੇ ਦੀ ਟੇਕ ਨਹੀਂ। ਜੇ ਟੇਕ ਦੀ ਲੋੜ ਹੀ ਪੈ ਗਈ ਤਾਂ ਫਿਰ ਕਵਿਤਾ ਦੀ ਆਪਣੀ ਹੋਂਦ ਕੀ ਹੋਈ...?

'ਇਸ ਧਰਤੀ 'ਤੇ ਰਹਿੰਦਿਆਂ' ਦੀ ਕਵਿਤਾ ਹੁਣ ਪੰਜਾਬੀ ਕਵਿਤਾ ਜਗਤ ਦੇ ਪਾਠਕਾਂ ਦੇ ਸਨਮੁੱਖ ਹੈ। ਮੈਨੂੰ ਉਮੀਦ ਹੈ ਕਿ ਇਹਨਾਂ ਸੰਵੇਦਨਹੀਣ ਸਮਿਆਂ ਵਿੱਚ ਇਸ ਸੰਵੇਦਨਸ਼ੀਲ ਕਾਵਿਕਾਰੀ ਨੂੰ ਪਾਠਕ ਓਨੀ ਹੀ ਸੰਵੇਦਨਾ ਨਾਲ ਪੜ੍ਹਨ ਤੇ ਮਾਨਣਗੇ...!

**ਚੰਡੀਗੜ੍ਹ।**

## ਇੱਕ ਬਲ਼ਦੀ ਦੁਪਹਿਰ

ਇਹ ਮਹਾਨ ਦੇਸ਼
ਇਹ ਵੇਦਾਂ ਦੀ ਧਰਤੀ
ਗੰਗਾ ਜਮੁਨਾ ਹਿਮਾਲਾ ਦੀ ਵਿਰਾਸਤ
ਹੜੱਪਾ ਮਹਿੰਜੋਦੜੋ ਜਿਹੀਆਂ
ਸੱਭਿਆਤਾਵਾਂ ਦੀ ਜਨਮਦਾਤਾ

ਇਸੇ ਮਹਾਨ ਦੇਸ਼ ਦੀ
ਇੱਕ ਸਿਖ਼ਰ ਬਲ਼ਦੀ ਦੁਪਹਿਰ
ਅੱਗ ਵਰ੍ਹਾਉਂਦਾ ਸੂਰਜ
ਇੱਕ ਆਦਮੀ
ਆਪਣੇ ਮੋਢੇ ’ਤੇ
ਚੁੱਕੀ ਜਾ ਰਿਹਾ
ਆਪਣੀ ਪਤਨੀ ਦੀ ਲਾਸ਼
ਨਾਲ ਬੱਚੀ ਉਸਦੀ
ਛੋਟੀ ਜਿਹੀ
ਜ਼ਾਰੋ ਜ਼ਾਰ ਅੱਥਰੂ ਕੇਰਦੀ....

ਦੇਖ ਰਹੀ
ਮੇਰੇ ਦੇਸ਼ ਦੀ ਜਨਤਾ
ਇਹ ਰਿਸ਼ੀਆਂ ਮੁਨੀਆਂ
ਮਹਾਭਾਰਤ ਰਾਮਾਇਣ ਜਿਹੇ ਗ੍ਰੰਥਾਂ ਦੀ
ਧਰਤੀ ਦੀ ਵਾਰਿਸ
ਮੇਰੇ ਦੇਸ਼ ਦੀ ਜਨਤਾ
ਤੱਕ ਰਹੀ ਉਸਨੂੰ
ਬੇਲਾਗ ਸੰਵੇਦਨਹੀਣ....

ਦੇਖ ਰਹੀ
ਮੇਰੇ ਦੇਸ਼ ਦੀ ਜਨਤਾ
ਉਸ ਲਾਚਾਰ ਬੇਵੱਸ
ਵਿਅਕਤੀ ਨੂੰ
ਐਮਬੂਲੈਂਸ ਲਈ
ਪੈਸੇ ਨਹੀਂ ਜਿਸ ਕੋਲ
ਆਪਣੀ ਪਤਨੀ ਦੀ ਲਾਸ਼
ਲੈ ਕੇ ਜਾਣ ਲਈ
ਮੋਢਿਆਂ 'ਤੇ ਚੁੱਕੀ ਜਾ ਰਿਹਾ
ਜੋ ਆਪਣੀ ਬੀਵੀ ਦੀ ਲਾਸ਼....

ਪਰ ਉਸਦੇ ਮੋਢਿਆਂ 'ਤੇ
ਸਿਰਫ਼ ਉਸਦੀ
ਬੀਵੀ ਦੀ ਲਾਸ਼ ਨਹੀਂ
ਅਣਗਿਣਤ ਲਾਸ਼ਾਂ ਨੇ
ਉਸਦੇ ਮੋਢਿਆਂ 'ਤੇ
ਇਸ ਮਹਾਨ ਦੇਸ਼ ਦੇ
ਸੱਭਿਆਚਾਰ ਦੀਆਂ
ਸੰਸਕ੍ਰਿਤੀ ਦੀਆਂ
ਮਰ ਚੁੱਕੀ ਇਨਸਾਨੀਅਤ
ਬੇਜਾਨ ਹੋਈ ਸੰਵੇਦਨਾ
ਇਤਿਹਾਸ ਮਿਥਿਹਾਸ ਦੀਆਂ
ਅਣਗਿਣਤ ਲਾਸ਼ਾਂ ਨੇ
ਉਸ ਦੇ ਮੋਢਿਆਂ 'ਤੇ
ਜੋ ਕਿਸੇ ਨੂੰ ਦਿਸ ਨਹੀਂ ਰਹੀਆਂ
ਜਿਨ੍ਹਾਂ ਦੀ ਫੋਟੋ ਕਿਸੇ
ਕੈਮਰੇ ਵਿਚ ਨਹੀਂ ਆ ਰਹੀ....

ਸਿਖ਼ਰ ਬਲ਼ਦੀ ਦੁਪਹਿਰ
ਆਪਣੇ ਮੋਢਿਆਂ 'ਤੇ
ਚੁੱਕੀ ਜਾ ਰਿਹਾ
ਇੱਕ ਲਾਚਾਰ ਇਨਸਾਨ
ਆਪਣੀ ਪਤਨੀ ਦੀ ਲਾਸ਼
ਨਾਲ ਬੱਚੀ ਉਸਦੀ
ਜ਼ਾਰੋ ਜ਼ਾਰ ਅੱਥਰੂ ਕੇਰਦੀ

ਮੇਰੇ ਦੇਸ਼ ਦੀ ਜਨਤਾ
ਤੱਕ ਰਹੀ ਉਸਨੂੰ
ਫੋਟੋਆਂ ਖਿੱਚ ਰਹੀ
ਫੇਸਬੁੱਕ ਤੇ ਪਾ ਰਹੀ....।

## ਬੋਲਣ ਦਿਉ ਉਸਨੂੰ

ਸਦੀਆਂ ਤੋਂ
ਉਸਦੇ ਅੰਦਰ ਪਿਆ ਲਾਵਾ
ਫੁੱਟਣ ਲੱਗਿਆ ਹੈ
ਪੀੜ੍ਹੀਆਂ ਤੋਂ
ਉਸ ਤੇ ਹੁੰਦੇ
ਤਸ਼ੱਦਦ ਦੀਆਂ ਪਰਤਾਂ
ਵਿਸਫੋਟ ਕਰਨ ਲੱਗੀਆਂ ਹਨ
ਬੋਲਣ ਦਿਓ ਉਸਨੂੰ

ਤੁਸੀਂ ਕਹਿੰਦੇ ਹੋ
ਹੁਣ ਕਿਉਂ ਬੋਲੀ ਉਹ ?
ਖ਼ਾਮੋਸ਼ ਕਿਉਂ ਰਹੀ
ਏਨਾ ਚਿਰ ??

ਹੁਣ ਤੱਕ ਵਕਤ ਹੀ
ਕਿਸ ਨੇ ਦਿੱਤਾ ਹੈ ਉਸਨੂੰ
ਕਿਸ ਨੇ ਸੁਣਨੀ ਸਮਝਣੀ ਚਾਹੀ
ਉਸ ਦੇ ਮਨ ਦੀ ਪੀੜ ?

ਸਦੀਆਂ ਤੋਂ
ਅਪਾਹਿਜ ਬਣਾ ਕੇ ਰੱਖਿਆ ਹੈ
ਉਸਨੂੰ ਤੁਸੀਂ
ਉਸਨੇ ਸੁਪਨੇ ਤੱਕਣੇ ਚਾਹੇ
ਤਾਂ ਤੁਸੀਂ ਉਸਦੀਆਂ ਅੱਖਾਂ ਅੱਗੇ
ਪਰਦੇ ਤਾਣ ਦਿੱਤੇ
ਖ਼ੁਸ਼ਬੂ ਮਾਨਣੀ ਚਾਹੀ

ਤਾਂ ਨੱਕ ਵਿੱਚ
ਨੱਥ ਪੁਆ ਦਿੱਤੀ
ਅੰਗੜਾਈ ਲੈਣੀ ਚਾਹੀ
ਤਾਂ ਬਾਹਾਂ ਵਿੱਚ
ਪਾ ਦਿੱਤੀਆਂ ਚੂੜੀਆਂ ਕੰਗਣ
ਪਰਵਾਜ਼ ਭਰਨੀ ਚਾਹੀ
ਤਾਂ ਪੈਰਾਂ ਨੂੰ
ਝਾਂਜਰਾਂ ਦੇ ਨਾਲ
ਬੰਨ੍ਹ ਦਿੱਤਾ
ਬਿੰਦੀ ਸੰਧੂਰ ਮੰਗਲਸੂਤਰ
ਕਿੰਨੀਆਂ ਬੇੜੀਆਂ ਵਿੱਚ
ਜਕੜ ਦਿੱਤਾ ਤੁਸੀਂ ਉਸਨੂੰ

ਪਰਿਵਾਰ ਦੀ
ਮਾਣ ਮਰਿਆਦਾ ਦੇ ਨਾਂ ’ਤੇ
ਕਦੋਂ ਤੁਸੀਂ
ਉਸਦੇ ਅਰਮਾਨਾਂ ਨੂੰ
ਸਿਰ ਚੁੱਕਣ ਦੀ
ਇਜਾਜ਼ਤ ਦਿੱਤੀ
ਖਾਪ ਪੰਚਾਇਤਾਂ
ਕਦੇ ਆਨਰ ਕਿਲਿੰਗ ਦੇ ਨਾਂ ’ਤੇ
ਉਸ ਦੇ ਖ਼ਾਬਾਂ ਨੂੰ
ਪੁੰਗਰਨ ਤੋਂ ਪਹਿਲਾਂ ਹੀ
ਸੂਲੀ ’ਤੇ ਲਟਕਾ ਦਿੱਤਾ ਤੁਸੀਂ

ਉਸਦੇ ਅਰਮਾਨ
ਉਸਦੀ ਉਡਾਣ
ਨਿੱਕੇ ਨਿੱਕੇ ਪਰਿੰਦਿਆਂ
ਰੰਗ ਬਰੰਗੀਆਂ ਤਿਤਲੀਆਂ ਜਿਹੇ

ਰੰਗੀਨ ਸੁਪਨਿਆਂ ਦੀ
ਕਬਰਗਾਹ ਬਣੀ ਰਹੀ ਹੈ
ਉਸ ਦੇ ਅੰਦਰ

ਹੁਣ ਉਹ ਕਬਰ ਪਾਟ ਰਹੀ ਹੈ
ਤੇ ਉਸਦੇ ਸੁਪਨਿਆਂ ਦੇ
ਪਰਿੰਦੇ
ਤਿਤਲੀਆਂ ਰੰਗ-ਬਰੰਗੀਆਂ
ਇੱਕ ਦਮ ਉੱਡ ਕੇ
ਅਸਮਾਨ ਵਿਚ
ਫੈਲ ਗਈਆਂ ਨੇ....

ਉਹ ਬੋਲਣ ਲੱਗੀ ਹੈ
ਬੋਲਣ ਦਿਉ ਉਸਨੂੰ।

## ਅਜਗਰ

ਅਜਗਰ ਹਾਂ ਮੈਂ
ਜਕੜ ਲਵਾਂਗਾ
ਤੁਹਾਨੂੰ ਆਪਣੇ
ਨਾਗਵਲ ਵਿੱਚ
ਖ਼ਤਮ ਕਰ ਦਿਆਂਗਾ
ਸਭ ਕੁਝ ਦੇਖਦੇ ਦੇਖਦੇ....

ਖ਼ਤਮ ਕਰ ਦਿਆਂਗਾ
ਤੁਹਾਡਾ ਹੱਸਣਾ
ਤੁਹਾਡਾ ਰੋਣਾ
ਦਮ ਤੋੜ ਜਾਣਗੀਆਂ
ਤੁਹਾਡੇ ਬੱਚਿਆਂ ਦੀਆਂ ਕਿਲਕਾਰੀਆਂ
ਇਸ ਤਰ੍ਹਾਂ ਕੱਸ ਲਵਾਂਗਾ
ਤੁਹਾਨੂੰ ਆਪਣੀ ਗ੍ਰਿਫ਼ਤ ਵਿੱਚ

ਬੰਦ ਕਰ ਦਿਆਂਗਾ
ਤੁਹਾਡਾ ਖਾਣ ਪੀਣ ਪਹਿਨਣ
ਤੁਹਾਡਾ ਸੱਭਿਆਚਾਰ
ਸੰਸਕ੍ਰਿਤੀ
ਤੁਹਾਡੇ ਮਾਨਵੀ-ਮੁੱਲ
ਕਦਰਾਂ-ਕੀਮਤਾਂ
ਤੁਹਾਡੀ ਭਾਸ਼ਾ
ਤੁਹਾਡੇ ਮੇਲੇ ਤਿਓਹਾਰ
ਸਭ ਕੁਝ ਜਕੜ ਲਵਾਂਗਾ ਮੈਂ

ਜਕੜ ਲਵਾਂਗਾ
ਤੁਹਾਡਾ ਨਿਆਂ

ਤੁਹਾਡਾ ਕਾਨੂੰਨ
ਤੁਹਾਡੀਆਂ ਅਦਾਲਤਾਂ
ਤੁਹਾਡੇ ਧਾਰਮਿਕ ਸਥਾਨ
ਤੁਹਾਡੇ ਜਿਊਣ ਦੇ ਸਾਰੇ
ਢੰਗ ਬਦਲ ਦਿਆਂਗਾ....

ਇਸ ਤਰ੍ਹਾਂ
ਆਪਣੇ ਸ਼ਿਕੰਜੇ 'ਚ
ਕੱਸ ਲਵਾਂਗਾ ਤੁਹਾਨੂੰ
ਕਠਪੁਤਲੀਆਂ ਬਣਾ ਦਿਆਂਗਾ
ਮੇਰੇ ਇਸ਼ਾਰੇ ਤੇ ਨੱਚਣ ਵਾਲੀਆਂ

ਤੁਸੀਂ ਮੇਰੀਆਂ ਉਂਗਲਾਂ ਤੇ ਨੱਚੋਗੇ
ਮੇਰੇ ਅਨੁਸਾਰ ਟੱਪੋਗੇ
ਮੇਰੀ ਭਾਸ਼ਾ ਬੋਲੋਗੇ
ਗੁਣਗਾਨ ਕਰੋਗੇ ਮੇਰਾ ਸੌਂਦੇ ਜਾਗਦੇ
ਇਸ ਤਰ੍ਹਾਂ
ਮੰਤਰ-ਮੁਗਧ ਕਰ ਦਿਆਂਗਾ
ਤੁਹਾਨੂੰ

ਮੈਂ ਅਜਗਰ ਹਾਂ
ਮੇਹਲਦਾ ਫਿਰ ਰਿਹਾਂ
ਧਰਤੀ ਦੇ ਇੱਕ ਸਿਰੇ ਤੋਂ ਲੈ ਕੇ
ਦੂਜੇ ਸਿਰੇ ਤੀਕ
ਸਭ ਕੁਝ ਜਕੜ ਲਵਾਂਗਾ
ਹੌਲੀ ਹੌਲੀ
ਸਭ ਕੁਝ ਨਿਗਲ ਜਾਵਾਂਗਾ।

## ਬਿਸਾਤ

ਨਹੀਂ ਸੋਚਿਆ ਸੀ ਕਦੇ ਵੀ
ਕਿ ਇੱਕ ਮਾਸੂਮ ਜਾਨ ਨੂੰ
ਇਸ ਤਰ੍ਹਾਂ ਬਲੀ ਚਾੜ੍ਹ ਦਿੱਤਾ ਜਾਏਗਾ
ਘਟੀਆ ਰਾਜਨੀਤੀ ਦੀ ਸ਼ਤਰੰਜ ਵਿੱਚ
ਏਨੀ ਸੰਵੇਦਨਹੀਣ
ਹੋ ਜਾਏਗੀ ਮਨੁੱਖਤਾ
ਕਦੇ ਨਹੀਂ ਸੀ ਸੋਚਿਆ....

ਚੈਨਲ ਆਪਣੀ ਟੀ ਆਰ ਪੀ
ਵਧਾਉਣ ਲਈ
ਨੇਤਾ ਆਪਣੀ ਨੇਤਾਗਿਰੀ
ਚਮਕਾਉਣ ਲਈ
ਪਿਛਲੀਆਂ ਸਮੱਸਿਆਵਾਂ ਨੂੰ
ਨਵੀਂ ਘਟਨਾ ਥੱਲੇ
ਲੁਕਾਉਣ ਲਈ
ਇਸ ਤਰ੍ਹਾਂ
ਇੱਕ ਮਾਸੂਮ ਦੀ ਜਾਨ 'ਤੇ
ਰਲ ਮਿਲ ਕੇ ਖੇਡਣਗੇ
ਕਦੇ ਨਹੀਂ ਸੀ ਸੋਚਿਆ....

ਬੋਰਵੈੱਲ ਵਿਚ ਫਸਿਆ ਜੋ
ਇਹ ਸਿਰਫ਼ ਬੱਚਾ ਨਹੀਂ ਇੱਕ
ਸਾਡੀ ਮਰ ਚੁੱਕੀ ਜਮੀਰ ਹੈ
ਪਾਈਪ ਵਿੱਚ
ਇੱਕ ਮਾਸੂਮ ਦੀ ਨਹੀਂ
ਸਾਡੀ ਨੈਤਿਕਤਾ ਦੀ

ਲਾਸ਼ ਫਸੀ ਹੈ
ਇਹ ਜੋ ਬਦਬੋ ਆ ਰਹੀ
ਇਹ ਚਾਰ ਦਿਨ ਪਹਿਲਾਂ
ਮ੍ਰਿਤ ਹੋ ਚੁੱਕੀ
ਬੱਚੇ ਦੀ ਦੇਹ ’ਚੋਂ ਨਹੀਂ
ਇਹ ਸਾਡੀਆਂ
ਮਰੀਆਂ ਹੋਈਆਂ ਆਤਮਾਵਾਂ ਦੀ
ਸੜਾਂਧ ਹੈ....

ਮਾਫ਼ ਕਰੀਂ ਬੱਚੇ !
ਤੂੰ ਐਸੇ ਸਮਾਜ ਵਿੱਚ ਜਨਮ ਲਿਆ
ਜਿੱਥੇ ਮਰੀਆਂ ਜ਼ਮੀਰਾਂ ਵਾਲੇ
ਲੋਕ ਵੱਸਦੇ ਨੇ
ਜੋ ਬੱਚਿਆਂ ਦੀ ਬਿਸਾਤ ਵਿਛਾ
ਉਨ੍ਹਾਂ ਦੀ ਜਾਨ ਉੱਤੇ
ਆਪਣੀਆਂ ਕੋਝੀਆਂ ਚਾਲਾਂ ਦੀ
ਸ਼ਤਰੰਜ ਖੇਡਦੇ ਨੇ।

## ਵਿਰਲਾਪ

ਉਹ ਤਾਂ ਜਾਨਵਰ ਸੀ
ਹਥਣੀ ਸੀ ਇੱਕ ਗਰਭਵਤੀ
ਪੇਟ ਵਿਚ ਬੱਚਾ ਭੁੱਖਾ
ਮੰਗ ਰਿਹਾ ਹੋਵੇਗਾ ਭੋਜਨ

ਮਾਂ ਸੀ
ਆਪਣੀ ਭੁੱਖ ਤਾਂ
ਬਰਦਾਸ਼ਤ ਕਰ ਲੈਂਦੀ
ਪਰ ਪੇਟ ਵਿੱਚ
ਆਪਣੇ ਬੱਚੇ ਦਾ ਤੜਫ਼ਣਾ
ਕਿਵੇਂ ਸਹਿਣ ਕਰਦੀ

ਬਸਤੀ ਵਿੱਚ ਤੁਰ ਆਈ
ਥੋੜ੍ਹੇ ਜਿਹੇ ਭੋਜਨ ਦੀ ਤਲਾਸ਼ ਵਿੱਚ

ਭੋਜਨ ਤਾਂ ਮਿਲਿਆ
ਬਸਤੀ ਵਿੱਚ
ਇੱਕ ਅਨਾਨਾਸ
ਪਰ ਮੂੰਹ ਵਿੱਚ ਜਾਂਦੇ ਹੀ
ਬਣ ਗਿਆ ਵਿਸਫੋਟ
ਫਟ ਗਿਆ ਜਬਾੜ੍ਹਾ
ਅੱਖਾਂ ਪਾਟੀਆਂ
ਰਹਿ ਗਈਆਂ ਉਸਦੀਆਂ

ਇਹੀ ਦੇਸ਼ ਸੀ ਕੀ
ਬੁੱਧ ਦਾ

ਮਹਾਂਵੀਰ ਦਾ
ਕ੍ਰਿਸ਼ਨ ਦਾ
ਰਾਮ ਦਾ
ਨਾਨਕ ਦਾ
ਉਸ ਦੇ ਅੰਦਰ ਬੈਠੀ
ਆਤਮਾ ਨੇ ਪਲ ਭਰ ਲਈ
ਪੁੱਛਿਆ ਤਾਂ ਹੋਵੇਗਾ ਜ਼ਰੂਰ....

ਲਹੂ-ਲੁਹਾਨ ਜੁਬ੍ਹਾੜਾ ਲੈ ਕੇ ਭੱਜੀ
ਪਹੁੰਚੀ ਝੀਲ ਵਿੱਚ
ਪਾਣੀ ਵਿੱਚ ਡੁਬੋਇਆ ਮੂੰਹ ਆਪਣਾ
ਸ਼ਰਮਸ਼ਾਰ ਹੋ ਕੇ ਇਨਸਾਨੀਅਤ ਤੋਂ
ਰੋਈ ਹੋਵੇਗੀ ਬਹੁਤ
ਪਾਣੀ ਵਿੱਚ ਸੀ
ਇਸ ਲਈ ਅੱਥਰੂ
ਕਿਸੇ ਨੂੰ ਨਜ਼ਰ ਨਹੀਂ ਆਏ

ਗਰਭ ਵਿਚਲੇ ਬੱਚੇ ਨੇ
ਸੁਣਿਆ ਹੋਵੇਗਾ
ਮਾਂ ਦਾ ਦਰਦਨਾਕ ਵਿਰਲਾਪ
ਬਹੁਤ ਰੁਦਨ ਕੀਤਾ ਹੋਵੇਗਾ
ਉਸ ਗਰਭਵਤੀ ਹਥਣੀ ਨੇ
ਆਪਣੀਆਂ ਮਾਸੂਮ
ਮੋਟੀਆਂ ਮੋਟੀਆਂ ਅੱਖਾਂ ਵਿੱਚੋਂ
ਬਹੁਤ ਕੇਰੇ ਹੋਣਗੇ ਅੱਥਰੂ

ਬਹੁਤ ਵਿਰਲਾਪ ਕੀਤਾ ਹੋਵੇਗਾ
ਆਪਣੇ ਦਰਦ ਦੇ ਲਈ ਨਹੀਂ
ਆਪਣੇ ਉਸ ਬੱਚੇ ਦੀ ਮੌਤ ਤੇ ਵੀ ਨਹੀਂ

ਜਿਸਨੇ ਅਜੇ ਇਸ ਧਰਤੀ 'ਤੇ
ਜਨਮ ਲੈਣਾ ਸੀ...

ਵਿਰਲਾਪ ਕੀਤਾ ਹੋਵੇਗਾ ਉਸਨੇ
ਉਸ ਵਹਿਸ਼ੀ ਭੀੜ ਦੇ ਲਈ
ਜਿਸਨੇ ਅਨਾਨਾਸ ਵਿੱਚ ਬਾਰੂਦ ਭਰ ਕੇ
ਤੁੰਨ ਦਿੱਤਾ ਉਸਦੇ ਮੂੰਹ ਵਿੱਚ

ਉਸਨੇ ਵਿਰਲਾਪ ਕੀਤਾ ਹੋਵੇਗਾ
ਇਸ ਧਰਤੀ ਦੇ ਲਈ
ਧਰਤੀ 'ਤੇ ਰਹਿੰਦੇ
ਜਾਨਵਰਾਂ ਤੋਂ ਵੀ ਖੂੰਖਾਰ
ਆਦਮੀ ਦੇ ਲਈ

ਮਰਨ ਤੋਂ ਪਹਿਲਾਂ
ਉਸ ਮਾਸੂਮ ਜਾਨਵਰ ਨੇ
ਵਿਰਲਾਪ ਕੀਤਾ ਹੋਵੇਗਾ ਬਹੁਤ
ਆਦਮੀ ਦੇ ਉੱਤੇ
ਆਪਣੇ ਵਿਸ਼ਵਾਸ ਦੇ ਲਈ।

## ਇੱਕ ਖੰਡਰ ਸ਼ਹਿਰ ਦੀ ਗਾਥਾ

ਬੰਜਰ ਹੋਈ ਧਰਤ
ਦੂਰ ਦੂਰ ਤੱਕ
ਫੈਲਿਆ ਹੋਇਆ ਮਾਰੂਥਲ
ਖੰਡਰ ਹੋਇਆ ਸ਼ਹਿਰ
ਦੂਰ ਦੂਰ ਤੱਕ ਆਕਾਸ਼ 'ਤੇ
ਚੜ੍ਹੀ ਹੋਈ ਗਹਿਰ
ਇੱਕ ਗਾਈਡ
ਟਰਿੱਪ 'ਤੇ ਆਏ ਹੋਏ
ਬੱਚਿਆਂ ਨੂੰ ਦੱਸ ਰਿਹਾ ਸੀ....

ਇਹ ਜੋ ਤੁਸੀਂ ਦੇਖ ਰਹੇ ਹੋ ਨਾ ਬੱਚਿਓ....
ਇਹ ਜੋ ਖੰਡਰ ਹੋਏ ਘਰ ਨੇ
ਇਹ ਜੋ ਬੰਜਰ ਹੋਈ ਧਰਤ ਹੈ
ਇਹ ਜੋ ਮੀਲਾਂ ਤੱਕ ਫੈਲਿਆ
ਰੇਗਿਸਤਾਨ ਹੈ
ਏਥੇ ਕਦੇ ਦਰਿਆ ਵਗਦੇ ਸਨ
ਏਥੇ ਪੰਛੀ ਚਹਿਚਹਾਉਂਦੇ
ਭੰਗੜੇ ਪੈਂਦੇ
ਲੋਕ ਮਸਤੀ ਵਿੱਚ ਗੀਤ ਗਾਉਂਦੇ
ਏਥੇ ਮੀਲਾਂ ਤੱਕ ਜੰਗਲ ਸਨ
ਲੋਕ ਖੇਤੀ ਕਰਦੇ
ਚਸ਼ਮੇ ਸਨ
ਦਰਿਆ ਸਨ ਵਗਦੇ

ਏਥੇ ਮੀਂਹ ਪੈਂਦੇ
ਤਾਂ ਧਰਤੀ ਮਹਿਕ ਪੈਂਦੀ

ਫੁੱਲ ਹੱਸਣ ਲੱਗਦੇ
ਬਨਸਪਤੀ ਚਹਿਕ ਪੈਂਦੀ....

ਫੇਰ ਹੌਲੀ ਹੌਲੀ ਇਸ ਧਰਤੀ ਦੇ
ਬਾਸ਼ਿੰਦਿਆਂ ਦੇ ਦਿਮਾਗ ਨੂੰ
ਪਤਾ ਨੀ ਕੀ ਹੋਇਆ
ਉਨ੍ਹਾਂ ਵੱਢ ਸੁੱਟੇ ਜੰਗਲ
ਕੰਕਰੀਟ ਉਸਾਰ ਲਏ
ਨਦੀਆਂ ਦਾ ਪਾਣੀ ਡੀਕ ਲਿਆ
ਦਰਿਆਵਾਂ ਦੀ ਰੇਤ ਨਿਗਲ ਲਈ
ਹਵਾ ਨੂੰ ਦੂਸ਼ਿਤ ਕੀਤਾ ਰੱਜ ਕੇ
ਪਾਣੀਆਂ ਵਿੱਚ ਘੋਲ ਦਿੱਤਾ ਜ਼ਹਿਰ
ਜ਼ਮੀਨ ਨੂੰ ਕਰ ਦਿੱਤਾ
ਧੁਰ ਤੱਕ ਬਾਂਝ....

ਹੌਲੀ ਹੌਲੀ
ਦਰਿਆ ਸੁੱਕਣ ਲੱਗੇ
ਸੋਮੇ ਮੁੱਕਣ ਲੱਗੇ
ਜੰਗਲ ਕੰਕਰੀਟ ਵਿੱਚ ਬਦਲ ਗਏ
ਪੌਣਾਂ ਵਿੱਚੋਂ ਸਾਹ-ਸਤ ਮੁੱਕ ਗਏ
ਬੱਦਲਾਂ ਨੇ ਵਰ੍ਹਨਾ ਛੱਡ ਦਿੱਤਾ
ਚਿੜੀਆਂ ਖ਼ਤਮ ਹੋਈਆਂ
ਸਭ ਤੋਂ ਪਹਿਲਾਂ....

ਫੇਰ ਮੋਰ ਘੁੱਗੀਆਂ ਤੋਤੇ
ਪਸ਼ੂ ਪੰਛੀ ਹੌਲੀ ਹੌਲੀ
ਜਾਂ ਤਾਂ ਪਲਾਇਣ ਕਰ ਗਏ
ਜਾਂ ਫਿਰ ਖੇਤਾਂ ਵਿੱਚੋਂ ਜ਼ਹਿਰ
ਖਾ ਖਾ ਕੇ ਮਰ ਗਏ....

ਫੇਰ ਬੱਚਿਓ !
ਪਸ਼ੂ ਪੰਛੀਆਂ ਤੋਂ ਬਾਅਦ
ਵੇਲਾਂ ਰੁੱਖਾਂ ਤੋਂ ਬਾਅਦ
ਪੌਣ ਪਾਣੀ ਤੋਂ ਬਾਅਦ
ਵਾਰੀ ਮਨੁੱਖਾਂ ਦੀ ਆਈ....

ਬਹੁਤ ਸਾਰੇ ਮਨੁੱਖ ਇਸ ਧਰਤੀ ਤੋਂ
ਦੂਜੀਆਂ ਧਰਤੀਆਂ ਤੇ
ਪਰਵਾਜ਼ ਭਰ ਗਏ
ਤੇ ਬਾਕੀ ਰਹਿੰਦੇ
ਕੁਝ ਭੁੱਖ ਨਾਲ
ਕੁਝ ਬਿਮਾਰੀਆਂ ਨਾਲ
ਕੁਝ ਆਪੋ ਵਿੱਚ
ਲੁੱਟ ਖੋਹ ਕਰਦਿਆਂ
ਲੜਦਿਆਂ ਮਰ ਗਏ....

ਬੱਚਿਓ !
ਇਹ ਜੋ ਅੱਜ ਦੂਰ ਦੂਰ ਤੱਕ
ਮਾਰੂਥਲ ਦਿਸਦਾ ਹੈ
ਇਹ ਜੋ ਖੰਡਰ ਹੋਇਆ ਸ਼ਹਿਰ ਹੈ
ਆਕਾਸ਼ 'ਤੇ ਚੜ੍ਹੀ ਹੋਈ ਗਹਿਰ ਹੈ
ਇੱਥੇ ਕਦੇ
ਘੁੱਗ ਵਸਦਾ ਪੰਜਾਬ ਹੁੰਦਾ ਸੀ।

## ਖ਼ਤਰਨਾਕ ਬਿੰਬ

ਆਪਣੀ ਗਰਦਨ 'ਤੇ ਰੱਖੇ ਗੋਡੇ ਨੂੰ
ਹਟਾਉਣ ਦੀ ਕੋਸ਼ਿਸ਼ ਕਰਦਿਆਂ
ਮਰਨ ਤੋਂ ਪਹਿਲਾਂ
ਉਸਨੇ ਜ਼ੋਰ ਨਾਲ ਚੀਕ ਕੇ ਕਿਹਾ-
ਗੋਡਾ ਹਟਾਓ !
ਮੇਰਾ ਸਾਹ ਘੁਟ ਰਿਹਾ ਹੈ....

ਫੇਰ ਉਹ ਥੋੜੀ ਦੇਰ ਤੜਫ਼ਿਆ
ਤੇ ਸ਼ਾਂਤ ਹੋ ਗਿਆ....

ਪਰ
ਇਸ ਦੁਨੀਆਂ ਵਿੱਚ
ਅਨਗਿਣਤ ਲੋਕ ਨੇ
ਜਿਨ੍ਹਾਂ ਦੀ ਗਰਦਨ 'ਤੇ
ਅਜੇ ਵੀ ਅਰਬਾਂ ਪੂੰਜੀਪਤੀਆਂ ਦੇ
ਗੋਡੇ ਟਿਕੇ ਹੋਏ ਨੇ
ਉਹ ਤੜਫ਼ ਰਹੇ ਨੇ
ਚੀਕ ਰਹੇ ਨੇ....

ਸਾਡਾ ਸਾਹ ਘੁਟ ਰਿਹਾ ਹੈ
ਸਾਡਾ ਸਾਹ ਘੁਟ ਰਿਹਾ ਹੈ....

ਇਹ ਦ੍ਰਿਸ਼ ਅਜੋਕੇ ਸਮਿਆਂ ਦਾ
ਇੱਕ ਖ਼ਤਰਨਾਕ ਬਿੰਬ ਬਣਦਾ ਰਿਹਾ ਹੈ।

## ਫੌਜੀ ਸਾਹਮਣੇ ਮੁੱਕਾ ਤਾਣ ਕੇ ਖੜ੍ਹੀ ਕੁੜੀ

ਅੱਖਾਂ ਵਿੱਚ ਅੰਤਾਂ ਦੀ ਨਫ਼ਰਤ ਭਰੀ
ਬੰਦੂਕ ਵਾਲੇ ਫੌਜੀ ਦੀਆਂ ਅੱਖਾਂ ਵਿੱਚ ਅੱਖਾਂ ਪਾਈ
ਉਸ ਸਾਹਮਣੇ ਕਿਸੇ ਥੰਮ੍ਹ ਵਾਂਗ ਅੜੀ
ਉਸਨੂੰ ਗਾਹਲਾਂ ਕੱਢਦੀ
ਮੁੱਕਾ ਤਾਣ ਕੇ ਖੜ੍ਹੀ
ਐ ਨਿੱਕੀ ਜਿਹੀ ਕੁੜੀਏ !
ਮੈਂ ਤੇਰੇ ਨਾਲ ਹਾਂ....

ਮੈਂ ਤੇਰੇ ਨਾਲ ਹਾਂ
ਕਿ ਤੇਰੀਆਂ ਅੱਖਾਂ ਵਿੱਚ ਇਸ ਵੇਲੇ
ਸਾਰੀ ਦੁਨੀਆਂ ਦੀਆਂ
ਉਨ੍ਹਾਂ ਅੱਖਾਂ ਦੀ ਲਾਲੀ ਹੈ
ਜਿਨ੍ਹਾਂ ਦਾ ਜਿਉਣਾ
ਇਨ੍ਹਾਂ ਜੰਗਬਾਜ਼ ਲੁਟੇਰਿਆਂ ਨੇ
ਹਰਾਮ ਕਰ ਛੱਡਿਆ ਹੈ

ਤੇਰੇ ਤਣੇ ਹੋਏ ਮੁੱਕੇ ਵਿੱਚ
ਦੁਨੀਆਂ ਭਰ ਦੇ
ਦਰੜੇ ਜਾ ਰਹੇ
ਉਨ੍ਹਾਂ ਲੱਖਾਂ ਲੋਕਾਂ ਦਾ ਰੋਹ ਹੈ
ਜਿਹੜੇ ਬਿਨਾਂ ਕਸੂਰ ਇਨ੍ਹਾਂ ਹੈਂਕੜਬਾਜਾਂ ਦੇ
ਹਥਿਆਰਾਂ ਦਾ ਸ਼ਿਕਾਰ ਹੋ ਰਹੇ....

ਹੌਲੀ ਹੌਲੀ ਤੇਰੇ ਨਾਲ ਇੱਕ ਦਿਨ
ਲੋਕਾਂ ਦਾ ਇੱਕ ਵੱਡਾ
ਹਜੂਮ ਖੜ੍ਹਾ ਹੋਵੇਗਾ

ਜਿਹੜਾ ਹਥਿਆਰਬੰਦ ਫੌਜਾਂ ਦੀਆਂ
ਅੱਖਾਂ ਵਿੱਚ ਅੱਖਾਂ ਪਾ ਕੇ
ਉਨ੍ਹਾਂ ਨੂੰ ਲਾਨ੍ਹਤ ਕਹੇਗਾ
ਲੋਕਾਂ ਦੀਆਂ ਅੱਖਾਂ ਵਿੱਚੋਂ ਨਿਕਲੇ ਅੰਗਾਰੇ
ਇਨ੍ਹਾਂ ਜਾਬਰ ਬੰਦੂਕਾਂ ਦਾ ਮੂੰਹ ਮੋੜ ਦੇਣਗੇ

ਆਪਣੇ ਇਸ ਰੋਹ ਨੂੰ ਇਸੇ ਤਰਾਂ
ਆਪਣੇ ਅੰਦਰ ਪਲਦਾ ਰਹਿਣ ਦੇਵੀਂ
ਉਦੋਂ ਤੱਕ ਕਿ ਜਦੋਂ ਤੱਕ
ਲੋਕਾਂ ਦਾ ਇੱਕ ਲੰਬਾ ਕਾਫਲਾ
ਤੇਰੇ ਨਾਲ ਨਹੀਂ ਰਲ ਜਾਂਦਾ
ਵਿਦਰੋਹ ਦੀ ਏਸ ਜਵਾਲਾ ਨੂੰ
ਬੁਝਣ ਨਾ ਦੇਵੀਂ....

ਹਥਿਆਰਬੰਦ ਫੌਜੀ ਦੀਆਂ
ਅੱਖਾਂ ਵਿੱਚ ਅੱਖਾਂ ਪਾਈ
ਮੁੱਕਾ ਵੱਟ ਕੇ ਖੜ੍ਹੀ
ਨਿੱਕੀ ਜਿਹੀ ਕੁੜੀਏ !
ਮੈਂ ਤੇਰੇ ਨਾਲ ਹਾਂ।

## ਇਸ ਧਰਤੀ 'ਤੇ ਰਹਿੰਦਿਆਂ

ਇਸ ਧਰਤੀ 'ਤੇ ਰਹਿੰਦਿਆਂ
ਬਸ ਏਨਾ ਕੁ ਕੀਤਾ ਮੈਂ
ਕਿ ਬਚਾ ਲਏ
ਕੁਝ ਕੁ ਸ਼ਬਦ
ਜਿਨ੍ਹਾਂ ਨੂੰ ਗੁਆ ਰਹੇ ਸਨ
ਗਾਫ਼ਲ ਲੋਕ
ਬੇਅਰਥ

ਅਨਰਥ ਕਰ ਰਹੇ ਸਨ
ਉਨ੍ਹਾਂ ਦੇ
ਭੁੱਲਦੇ ਜਾ ਰਹੇ ਸਨ
ਧੁਨੀਆਂ
ਮੈਂ ਉਹ ਧੁਨੀਆਂ ਬਚਾ ਲਈਆਂ
ਆਪਣੀਆਂ ਕਵਿਤਾਵਾਂ ਦੇ ਵਿੱਚ

ਬਹੁਤ ਕੁਝ ਹੋਰ ਸੀ
ਜੋ ਮੈਂ ਬਚਾ ਲੈਣਾ ਚਾਹੁੰਦਾ ਸਾਂ
ਇਹ ਰੁਮਕਦੀ ਪੌਣ
ਇਹ ਸਾਫ਼ ਸ਼ਫਾਫ਼ ਪਾਣੀ
ਬਿਰਖ ਪੌਦੇ ਜੰਗਲ
ਇਹ ਫੁੱਲ ਇਹ ਪਰਿੰਦੇ
ਇਹ ਚਿੜੀਆਂ ਨਿੱਕੀਆਂ ਨਿੱਕੀਆਂ
ਜੋ ਰੁੱਸ ਕੇ ਸਾਥੋਂ
ਦੂਰ ਤੁਰ ਗਈਆਂ
ਪਤਾ ਨੀ ਕਿਧਰੇ...

ਬਚਾ ਲੈਣਾ ਚਾਹੁੰਦਾ ਸਾਂ ਮੈਂ
ਦਿਨੋ-ਦਿਨ ਮਰ ਰਹੀ ਸੰਵੇਦਨਾ
ਮੁਹੱਬਤ
ਭਾਈਚਾਰਾ
ਨਿੱਕੇ ਨਿੱਕੇ ਬੱਚਿਆਂ ਦੀਆਂ
ਕਿਲਕਾਰੀਆਂ
ਰੋਕ ਲੈਣਾ ਚਾਹੁੰਦਾ ਸਾਂ ਮੈਂ
ਦੂਜੀਆਂ ਧਰਤੀਆਂ ਵੱਲ
ਉੱਡਦੇ ਜਾਂਦੇ ਜਹਾਜ਼ਾਂ ਨੂੰ
ਜੋ ਭਰ ਭਰ ਲਈ ਜਾਂਦੇ
ਸਾਡੀ ਜਵਾਨੀ ਵਿਦੇਸ਼ੀ ਧਰਤੀਆਂ ਤੇ
ਉੱਜੜ ਰਹੀ ਆਪਣੀ ਧਰਤੀ ਦੀ
ਹਰਿਆਵਲ ਬਚਾ ਲੈਣਾ ਚਾਹੁੰਦਾ ਸਾਂ ਮੈਂ....

ਜਿਵੇਂ ਕੋਈ ਬੁੱਤਘਾੜਾ
ਬਚਾ ਲੈਂਦਾ ਹੈ
ਮਿੱਟੀ ਦੀ ਤਾਸੀਰ
ਆਪਣੇ ਬੁੱਤਾਂ ਦੇ ਵਿੱਚ
ਚਿਤਰਕਾਰ ਜਿਵੇਂ ਕੋਈ
ਸਾਂਭ ਲੈਂਦਾ
ਕੁਦਰਤ ਦੇ ਰੰਗਾਂ ਨੂੰ
ਆਪਣੇ ਚਿਤਰਾਂ ਵਿੱਚ
ਜਿਵੇਂ ਸਜ਼ਿੰਦਾ ਕੋਈ
ਸੰਭਾਲ ਲੈਂਦਾ
ਕਾਇਨਾਤ ਦਾ ਸੰਗੀਤ
ਆਪਣੀਆਂ ਸੁਰਾਂ 'ਚ
ਗਾਇਕ ਜਿਵੇਂ ਕੋਈ
ਬਚਾ ਲੈਂਦਾ

ਆਪਣੇ ਗੀਤਾਂ ਵਿੱਚ
ਧਰਤੀ ਦੀ ਆਵਾਜ਼....

ਕਵੀ ਹਾਂ ਮੈਂ
ਮੇਰੇ ਤੇ ਵੀ ਹੈ ਕੁਦਰਤ ਦਾ ਕਰਜ਼
ਬਚਾ ਲੈਣਾ ਚਾਹੁੰਦਾ ਹਾਂ
ਉਹ ਸਾਰਾ ਕੁਝ
ਜੋ ਗੁਆਚਦਾ ਜਾ ਰਿਹਾ
ਪਲ ਪਲ
ਛਿਣ ਛਿਣ....

ਬੱਸ ਏਨਾ ਕੁ ਕੀਤਾ ਮੈਂ
ਕਿ ਬਚਾ ਲਏ
ਕੁਝ ਕੁ ਸ਼ਬਦ
ਆਪਣੀਆਂ ਕਵਿਤਾਵਾਂ ਦੇ ਵਿੱਚ।

## ਭਾਸ਼ਾ

ਆਦਿ ਕਾਲ ਤੋਂ ਬਣੀ ਭਾਸ਼ਾ
ਜਿਵੇਂ ਹੋਰ ਔਜ਼ਾਰ ਬਣੇ
ਹਥਿਆਰ ਬਣੇ
ਪਹੀਏ ਦੀ ਹੋਈ ਖੋਜ
ਓਵੇਂ ਹੀ ਮਨੁੱਖ ਨੇ ਸਿਰਜੀ ਭਾਸ਼ਾ

ਅਹਿਸਾਸਾਂ ਨੂੰ
ਆਪਣੀਆਂ ਭਾਵਨਾਵਾਂ ਨੂੰ
ਸ਼ਬਦਾਂ 'ਚ ਪਰੋ ਕੇ ਪਹਿਲੀ ਵਾਰ
ਕਿੰਨਾ ਖੁਸ਼ ਹੋਇਆ ਹੋਵੇਗਾ ਮਨੁੱਖ

ਫੇਰ ਕਿੰਨਾ ਕੁਝ ਰਚਿਆ ਗਿਆ
ਭਾਸ਼ਾ ਵਿੱਚ
ਕਿੰਨੇ ਵੇਦ, ਪੁਰਾਣ,
ਸਿਮਰਤੀਆਂ, ਗ੍ਰੰਥ
ਵਿਗਸੀਆਂ ਸਭਿਆਤਾਵਾਂ
ਰਹੀਆਂ ਬਿਨਸਦੀਆਂ

ਪਰ ਭਾਸ਼ਾ ਹੈਰਾਨ ਹੈ ਹੁਣ
ਕਿਵੇਂ ਦੇ ਆਏ ਲੋਕ
ਜੋ ਭਾਸ਼ਾ ਦੇ ਅੰਗਾਂ ਨੂੰ
ਕੱਟਣ ਵੱਢਣ ਲੱਗੇ
ਸਿਹਾਰੀਆਂ ਬਿਹਾਰੀਆਂ
ਬਿੰਦੀਆਂ ਟਿੱਪੀਆਂ
ਔਂਕੜ ਦੁਲੈਂਕੜ
ਹੋੜੇ ਕਨੌੜੇ

ਸਭ ਅਸਤ-ਵਿਅਸਤ
ਹਵਾ 'ਚ ਉੱਡ ਰਹੇ....

ਹੈਰਾਨ ਹੈ ਭਾਸ਼ਾ
ਕਿਹੋ ਜਿਹਾ ਬਣ ਗਿਆ ਮਨੁੱਖ
ਭਾਸ਼ਾ ਦੇ ਅੰਗਾਂ ਨੂੰ
ਕੱਟਣ ਵੱਢਣ ਲੱਗਿਆ....

ਜਿਸ ਕੌਮ ਦੀ
ਭਾਸ਼ਾ ਮਰਨ ਲੱਗਦੀ
ਉਸ ਕੌਮ ਦਾ ਅੰਤ ਵੀ
ਬਹੁਤਾ ਦੂਰ ਨਾ ਹੁੰਦਾ।

## ਗੁਆਚੀਆਂ ਹੋਈਆਂ ਕਵਿਤਾਵਾਂ

ਯਾਦ ਆਉਂਦੀਆਂ ਅਕਸਰ
ਉਹ ਅਣਲਿਖੀਆਂ
ਅੱਧੀਆਂ-ਅਧੂਰੀਆਂ ਕਵਿਤਾਵਾਂ
ਜਿਨ੍ਹਾਂ ਨੂੰ ਰੱਖ ਨਹੀਂ ਸਕਿਆ
ਸਾਂਭ ਕੇ

ਕੋਲ ਆਈਆਂ ਜਦ ਕਦੇ
ਤਾਂ ਅਚਾਨਕ ਕੋਈ
ਕਾਗਜ਼ ਦਾ ਟੁਕੜਾ ਲੱਭ ਕੇ
ਬੱਸ ਦੀ ਟਿਕਟ ਪਿੱਛੇ
ਜਾਂ ਜੇਬ 'ਚ ਪਏ
ਕਿਸੇ ਸਮਾਨ ਦੇ ਬਿੱਲ ਮਗਰ
ਲਿਖੀਆਂ ਅੱਧੀਆਂ-ਅਧੂਰੀਆਂ
ਕਵਿਤਾਵਾਂ
ਪਰ ਗੁਆਚ ਗਈਆਂ
ਰੱਖ ਨਹੀਂ ਸਕਿਆ
ਸਾਂਭ ਕੇ....

ਵਕਤ ਨਹੀਂ ਸੀ ਕਦੇ
ਕਦੇ ਕੋਲ ਕਾਗਜ਼ ਹੀ ਨਹੀਂ ਸੀ
ਕਦੇ ਪੈੱਨ ਨਹੀਂ ਸੀ ਜੇਬ ਵਿੱਚ
ਫਿਰ ਲਿਖਾਂਗਾ
ਸੋਚਦੇ ਸੋਚਦੇ
ਗੁਆਚ ਗਈਆਂ
ਬਹੁਤ ਸਾਰੀਆਂ
ਅੱਧੀਆਂ-ਅਧੂਰੀਆਂ ਕਵਿਤਾਵਾਂ....

ਬਸ ਖ਼ਿਆਲਾਂ 'ਚ ਜਨਮੀਆਂ
ਖ਼ਿਆਲਾਂ 'ਚ ਹੀ
ਗੁਆਚ ਗਈਆਂ
ਬਹੁਤ ਸਾਰੀਆਂ
ਅਣਲਿਖੀਆਂ
ਅੱਧੀਆਂ-ਅਧੂਰੀਆਂ
ਕਵਿਤਾਵਾਂ।

## ਦੁੱਖ ਇੱਕ ਛਲੇਡਾ

ਦੁੱਖ ਹੈ
ਕਿ ਬਚਪਨ ਤੋਂ
ਕਿਸੇ ਭੁੱਖੇ ਚੀਤੇ ਵਾਂਗ
ਦੌੜ ਰਿਹਾ ਹੈ ਮਗਰ ਮੇਰੇ....

ਬਚਪਨ ਤੋਂ ਲੈ ਕੇ
ਮੈਂ ਇਸ ਤੋਂ ਬਚਣ ਦੀ
ਕੋਸ਼ਿਸ਼ ਕਰਦਾ
ਪਰ ਕਦੇ ਵੀ
ਬਚ ਨਹੀਂ ਸਕਿਆ

ਉਹ ਕਿਸੇ ਛਲੇਡੇ ਵਾਂਗ
ਅਨੇਕ ਰੂਪ ਧਾਰਦਾ
ਕਦੇ ਕਿਸੇ ਰੂਪ ਵਿੱਚ
ਕਦੇ ਕਿਸੇ ਰੂਪ ਵਿੱਚ
ਭੇਸ ਬਦਲ ਬਦਲ ਕੇ
ਮੇਰੇ ਤੇ ਵਾਰ ਕਰਦਾ
ਅਕਸਰ
ਦਬੋਚ ਲੈਂਦਾ ਹੈ ਮੈਨੂੰ

ਅਨੇਕ ਵਾਰ ਮੈਂ
ਉਲਝਿਆ ਹਾਂ ਇਸ ਨਾਲ
ਲੜਿਆ ਹਾਂ
ਫੈਸਲਾਕੁੰਨ ਜੰਗ ਲੜਨ ਦੇ ਲਈ

ਪਰ ਇਹ ਕਿਸੇ ਛਲੇਡੇ ਵਾਂਗ
ਅਨੇਕ ਰੂਪ ਧਾਰਦਾ

ਕਦੇ ਕਿਸੇ ਪਾਸਿਓਂ
ਕਦੇ ਕਿਸੇ ਪਾਸਿਓਂ
ਭੇਸ ਬਦਲ ਬਦਲ
ਲੁਕ ਲੁਕ ਕੇ
ਮੈਨੂੰ ਮਾਰਦਾ

ਮੇਰੇ ਜਿਸਮ
ਮੇਰੀ ਆਤਮਾ 'ਤੇ
ਇਸ ਦੇ ਦੰਦਾਂ
ਇਸ ਦੀਆਂ ਨਹੁੰਦਰਾਂ ਦੇ
ਅਣਗਿਣਤ ਨਿਸ਼ਾਨ ਹਨ

ਬਚਪਨ ਤੋਂ ਮੈਂ
ਲੜ ਰਿਹਾ ਹਾਂ
ਇਸ ਛਲੇਡੇ ਦੇ ਨਾਲ

ਪਰ ਦੁੱਖ ਹੈ
ਕਿ ਕਿਸੇ ਭੁੱਖੇ ਚੀਤੇ ਵਾਂਗ
ਫਿਰ ਦਬੋਚ ਲੈਂਦਾ ਹੈ ਮੈਨੂੰ।

## ਰਿਸ਼ਤਾ

ਤੇਰਾ ਤੇ ਮੇਰਾ ਰਿਸ਼ਤਾ
ਸਿਰਫ਼ ਉਨਾ ਚਿਰ ਸੁਰੱਖਿਅਤ ਹੈ
ਜਿੰਨਾ ਚਿਰ
ਮੈਂ ਤੈਨੂੰ
ਸਿਰਫ਼ ਤੇਰੇ ਕਰ ਕੇ ਜਾਣਦਾ ਹਾਂ
ਜਿੰਨਾ ਚਿਰ
ਤੂੰ ਮੈਨੂੰ
ਸਿਰਫ਼ ਮੇਰੇ ਕਰ ਕੇ
ਪਹਿਚਾਣਦੀ ਹੈਂ....

ਜਦੋਂ
ਤੂੰ ਮੈਨੂੰ
ਹੋਰਾਂ ਦੇ ਮਾਧਿਅਮ ਤੋਂ ਜਾਨਣ ਲੱਗੀ
ਗ਼ੈਰਾਂ ਦੀਆਂ ਨਜ਼ਰਾਂ 'ਚੋਂ
ਮੇਰਾ ਅਕਸ ਪਹਿਚਾਨਣ ਲੱਗੀ
ਜਦੋਂ
ਮੈਂ ਤੈਨੂੰ
ਕਿਸੇ ਹੋਰ ਦੇ ਰਾਹੀਂ
ਸਿਆਣਨ ਲੱਗਾ
ਕਿਸੇ ਹੋਰ ਦੇ ਸ਼ੀਸ਼ੇ 'ਚੋਂ
ਤੇਰੇ ਨਕਸ਼ ਨਿਹਾਰਨ ਲੱਗਾ

ਉਸੇ ਦਿਨ
ਆਪਣੇ ਰਿਸ਼ਤੇ ਦੇ
ਸਾਫ਼-ਸ਼ਫ਼ਾਫ਼ ਪਾਣੀਆਂ ਵਿੱਚ

ਇੱਕ ਤ੍ਰੇੜ ਉਭਰੇਗੀ
ਹੋਰ ਅਨੇਕ ਤ੍ਰੇੜਾਂ ਆਉਣਗੀਆਂ
ਜੋ ਸਾਡੇ ਦਿਲਾਂ ਵਿੱਚ ਬਣੇ
ਇੱਕ ਦੂਜੇ ਦੇ ਅਕਸਾਂ ਨੂੰ
ਖਿੰਡਾ ਦੇਣਗੀਆਂ
ਸਾਡੇ ਇੱਕ ਦੂਜੇ 'ਤੇ
ਬਣੇ ਵਿਸ਼ਵਾਸ ਨੂੰ
ਤਿੜਕਾ ਦੇਣਗੀਆਂ
ਤੇ
ਉਸ ਦਿਨ
ਆਪਣੇ ਰਿਸ਼ਤੇ ਦੀ
ਅੰਤਿਮ-ਯਾਤਰਾ ਦੀ
ਸ਼ੁਰੂਆਤ ਹੋਵੇਗੀ

ਤੇਰਾ ਤੇ ਮੇਰਾ ਰਿਸ਼ਤਾ
ਸਿਰਫ਼ ਉਨਾ ਚਿਰ ਸੁਰੱਖਿਅਤ ਹੈ
ਜਿੰਨਾ ਚਿਰ
ਮੈਂ ਤੈਨੂੰ
ਸਿਰਫ਼ ਤੇਰੇ ਕਰ ਕੇ ਜਾਣਦਾ ਹਾਂ
ਜਿੰਨਾ ਚਿਰ
ਤੂੰ ਮੈਨੂੰ
ਸਿਰਫ਼ ਮੇਰੇ ਕਰ ਕੇ
ਪਹਿਚਾਣਦੀ ਹੈਂ।

## ਅੱਧੀ ਰਾਤ ਨੂੰ ਚੱਪਲਾਂ

ਸੌਣ ਲੱਗਿਆ ਉਤਾਰਦਾ ਹਾਂ
ਇੱਕੋ ਤਰਾਂ ਰੱਖਦਾ ਹਾਂ ਰੋਜ਼ ਚੱਪਲਾਂ
ਪਰ ਰਾਤ ਅੱਧੀ ਉੱਠਦਾ
ਤਾਂ ਰੋਜ਼
ਵੱਖੋ ਵੱਖ ਤਰ੍ਹਾਂ ਪਈਆਂ
ਮਿਲਦੀਆਂ ਨੇ ਚੱਪਲਾਂ

ਕਦੇ ਕਦੇ ਮਿਲਦੀਆਂ
ਇਸ ਤਰ੍ਹਾਂ
ਜਿਵੇਂ ਕਿਸੇ ਲੰਬੇ ਸਫ਼ਰ ਦੀ
ਤਿਆਰੀ ਵਿੱਚ ਹੋਣ
ਬੜੇ ਉਤਸ਼ਾਹ 'ਚ
ਹੁਣੇ ਤੁਰਨ ਲਈ
ਤਿਆਰ ਬਰ ਤਿਆਰ
ਪੈਰਾਂ ਮੇਰਿਆਂ ਨੂੰ
ਆਖ ਰਹੀਆਂ ਹੋਣ
ਕਿ ਚੱਲ ਚੱਲੀਏ
ਉਨ੍ਹਾਂ ਪੈਂਡਿਆਂ 'ਤੇ
ਜਿਨ੍ਹਾਂ ਨੂੰ ਤੂੰ ਅਜੇ ਤੱਕ
ਸਿਰਫ਼ ਸੁਪਨਿਆਂ ਵਿਚ ਹੀ
ਤੈਅ ਕੀਤਾ

ਤੇ
ਕਦੇ ਕਦੇ
ਇਉਂ ਪਈਆਂ ਮਿਲਦੀਆਂ

ਥੱਕੀਆਂ ਟੁੱਟੀਆਂ
ਜਿਵੇਂ ਲੰਬੇ ਪੈਂਡੇ
ਝਾਗ ਕੇ ਮੁੜੀਆਂ
ਨਿੱਸਲ ਜਿਹੀਆਂ ਹੋਈਆਂ
ਆਰਾਮ ਕਰ ਰਹੀਆਂ ਹੋਣ

ਕਦੇ ਕਦੇ ਆਪਣੇ ਆਪ ਹੀ
ਬੈੱਡ ਥੱਲੇ ਲੁਕ ਜਾਂਦੀਆਂ
ਜਿਵੇਂ ਲੁਕਣਮੀਟੀ ਖੇਡਦੇ ਬੱਚੇ
ਲੁਕ ਜਾਂਦੇ ਮੰਜੇ ਦੇ ਹੇਠ....

ਅੱਧੀ ਰਾਤ
ਉੱਠਦਾ ਹਾਂ ਜਦੋਂ
ਕਿਸੇ ਸੁਪਨੇ 'ਚੋਂ ਜਾਗਦਾ
ਚੱਪਲਾਂ ਦੇ ਨਾਲ
ਕਦੇ ਲੰਬੇ ਸਫ਼ਰ ਦੀ
ਤਿਆਰੀ ਵਿੱਚ
ਤੇ ਕਦੇ
ਲੰਬੇ ਸਫ਼ਰ ਤੋਂ
ਘਰ ਮੁੜਦਾ।

## ਬੇਗਾਨੇ ਸ਼ਹਿਰ ਵਿੱਚ ਗ਼ੈਰਹਾਜ਼ਰ ਦੋਸਤ

ਇਸ ਸ਼ਹਿਰ ਵਿੱਚ ਨਹੀਂ ਹੈ
ਮੇਰਾ ਦੋਸਤ
ਮੈਂ ਉਸਦੇ ਸ਼ਹਿਰ
ਉਸਨੂੰ ਮਿਲਣ ਆਇਆ ਹਾਂ
ਪਰ ਅੱਜ ਉਹ
ਆਪਣੇ ਸ਼ਹਿਰ ਵਿੱਚ ਨਹੀਂ ਹੈ

ਉਸਨੂੰ ਲੱਭਦਾ
ਮੈਂ ਉਸ ਥਾਂ ’ਤੇ ਆ ਗਿਆ ਹਾਂ
ਜੋ ਸਾਡੀ ਮਨਪਸੰਦ ਜਗ੍ਹਾ ਹੈ
ਅਸੀਂ ਏਥੇ ਬੈਠ ਕੇ
ਸੈਂਕੜੇ ਵਾਰ ਉਹ ਗੱਲਾਂ ਕੀਤੀਆਂ
ਜਿਹੜੀਆਂ ਅਸੀਂ ਕਿਸੇ ਹੋਰ ਨਾਲ
ਨਹੀਂ ਸੀ ਕਰ ਸਕਦੇ

ਮੈਂ ਅੱਜ ਵੀ ਉਸ ਨਾਲ
ਉਹੀ ਗੱਲਾਂ ਕਰਨ ਆਇਆ ਸਾਂ
ਪਰ ਅੱਜ ਉਹ
ਆਪਣੇ ਸ਼ਹਿਰ ਵਿੱਚ ਨਹੀਂ ਹੈ

ਮੈਂ ਆ ਬੈਠਾ ਹਾਂ
ਸਾਡੀ ਉਸੇ ਮਨਪਸੰਦ ਥਾਂ ’ਤੇ
ਤੇ ਉਹ ਮੇਰੇ ਕੋਲ ਆ ਬੈਠਾ ਹੈ
ਸਾਹਮਣੀ ਸੀਟ ਤੇ
ਮੈਂ ਉਸਦੀ ਹੋਂਦ
ਮਹਿਸੂਸ ਕਰਦਾ ਹਾਂ

ਮੈਂ ਵੇਟਰ ਤੋਂ
ਦੋ ਗਲਾਸ ਮੰਗਵਾਉਂਦਾ ਹਾਂ
ਵੇਟਰ ਅਜੀਬ ਨਿਗਾਹਾਂ ਨਾਲ
ਮੇਰੇ ਵੱਲ ਦੇਖਦਾ ਪੁੱਛਦਾ ਹੈ
'ਦੋ ਸਾਬ....'

ਵੇਟਰ ਗਲਾਸ ਲਿਆ ਕੇ ਰੱਖਦਾ ਹੈ
ਮੈਂ ਆਪਣੇ ਦੋਸਤ ਵੱਲ ਵੇਖਦਾ
ਦੋਹਾਂ ਗਲਾਸਾਂ ਵਿਚ ਪੈੱਗ ਪਾਉਂਦਾ
ਉਸਨੂੰ ਆਖਦਾ ਹਾਂ
'ਚੀਅਰਜ਼'
ਉਸਦੀਆਂ ਸ਼ਰਾਰਤੀ ਅੱਖਾਂ
ਚਮਕ ਉਠਦੀਆਂ ਹਨ....

ਉਹ ਡੀਕ ਜਾਂਦਾ ਹੈ ਇੱਕ ਦਮ
ਸਾਰਾ ਪੈੱਗ
ਜਿਵੇਂ ਜ਼ਿੰਦਗੀ ਦੀ ਸਾਰੀ ਕੁੜੱਤਣ ਨੂੰ
ਇੱਕੋ ਸਾਹੇ ਪੀ ਜਾਣਾ ਚਾਹੁੰਦਾ ਹੋਵੇ

ਖਾਲੀ ਗਲਾਸ ਜ਼ੋਰ ਦੀ
ਮੇਜ਼ 'ਤੇ ਰੱਖਦਾ
ਬੋਲਦਾ ਹੈ
'ਕੁਝ ਨਹੀਂ ਜ਼ਿੰਦਗੀ ਭੈਂਚ'
ਚਿਕਨ ਦਾ ਟੁਕੜਾ ਮੂੰਹ 'ਚ ਪਾਉਂਦਾ
ਆਖਦਾ ਹੈ
'ਲੂਣ ਕਿੰਨਾ ਪਾਇਆ ਸਾਲਿਆਂ ਤਰੀ ਵਿੱਚ'
ਤੇ ਅੱਖਾਂ ਨੂੰ ਮੀਸਣੀਆਂ ਜਿਹੀਆਂ ਕਰਦਾ
ਆਲੇ ਦੁਆਲੇ ਇਸ ਤਰ੍ਹਾਂ ਦੇਖਦਾ ਹੈ

ਜਿਵੇਂ ਇਸ ਲਈ ਸਾਰੀ ਦੁਨੀਆ ਹੀ
ਜ਼ਿੰਮੇਵਾਰ ਹੋਵੇ

ਅਸੀਂ ਪੀ ਰਹੇ ਹਾਂ
ਸ਼ਾਮ ਗੂੜ੍ਹੀ ਹੋਰ ਗੂੜ੍ਹੀ
ਤੇ ਹੋਰ ਸੋਹਣੀ ਹੋਣ ਲੱਗਦੀ
ਉਸਦੀਆਂ ਅੱਖਾਂ ਵਿੱਚ
ਤਰਲਤਾ ਸ਼ਰਾਰਤ ਮਾਸੂਮੀਅਤ ਮਦਹੋਸ਼ੀ
ਹੋਰ ਗਹਿਰੀ ਹੋਣ ਲੱਗਦੀ

ਬਹਿਰਾ ਪੁੱਛਦਾ ਹੈ–
ਸਾਬ ਆਪਕਾ ਦੋਸਤ ਨਹੀਂ ਆਇਆ
ਜਿਸ ਕੇ ਲੀਏ ਆਪਨੇ
ਦੂਸਰਾ ਗਿਲਾਸ ਮੰਗਵਾਇਆ....

ਸ਼ਾਇਦ ਉਸਨੂੰ
ਮੇਰੇ ਸਾਹਮਣੇ ਬੈਠਾ
ਮੇਰਾ ਦੋਸਤ ਨਜ਼ਰ ਨਹੀਂ ਆਇਆ

ਮੈਂ ਆਪਣੇ ਦੋਸਤ ਦੇ ਨਾਲ
ਉਸਦੇ ਸ਼ਹਿਰ ਵਿੱਚ ਬੈਠਾ ਹਾਂ

ਉਸ ਦੋਸਤ ਨਾਲ
ਜੋ ਅੱਜ ਆਪਣੇ
ਸ਼ਹਿਰ ਵਿੱਚ ਨਹੀਂ ਹੈ।

**(ਇੱਕ ਮਰਹੂਮ ਦੋਸਤ ਦੇ ਲਈ ਜੋ ਹੁਣ ਇਸ ਦੁਨੀਆਂ ਵਿੱਚ ਨਹੀਂ ਰਿਹਾ।)**

## ਆਖ਼ਰੀ ਪੀੜ੍ਹੀ ਦੇ ਲੋਕ

**(ਸੋਸ਼ਲ ਮੀਡੀਆ 'ਤੇ ਵਾਇਰਲ ਇੱਕ ਕਵਿਤਾ ਦੇ ਵਿਸਤਾਰ ਵਿੱਚ)**

ਅਸੀਂ ਉਸ ਆਖ਼ਰੀ ਪੀੜ੍ਹੀ ਦੇ ਲੋਕ ਹਾਂ
ਜਿਨ੍ਹਾਂ ਨੂੰ ਬਚਪਨ ਵਿੱਚ
ਮਾਂ ਪਿਉ ਦਾ
ਭਰਪੂਰ ਪਿਆਰ ਮਿਲਿਆ
ਮੋਢਿਆਂ 'ਤੇ ਚੁੱਕ ਕੇ ਸਾਡੇ ਮਾਂ ਪਿਉ
ਸਾਨੂੰ ਮੇਲਿਆਂ ਬਾਜ਼ਾਰਾਂ ਵਿੱਚ
ਘੁਮਾਉਂਦੇ ਰਹੇ
ਸਾਈਕਲ ਮੂਹਰੇ ਡੰਡੇ 'ਤੇ
ਤੌਲੀਆ ਲਪੇਟ
ਉਸ 'ਤੇ ਬਿਠਾ
ਸਾਨੂੰ ਦੁਸਹਿਰਾ ਦਿਖਾਉਣ ਜਾਂਦੇ

ਅਸੀਂ ਉਸ ਪੀੜ੍ਹੀ ਦੇ ਲੋਕ ਹਾਂ
ਜਿਨ੍ਹਾਂ ਨੇ ਬਚਪਨ ਵਿੱਚ
ਸਲੇਟਾਂ 'ਤੇ ਸਵਾਲ ਕੱਢੇ
ਖਾਧੀਆਂ ਸਲੇਟੀਆਂ ਦੇ ਨਾਲ
ਮਾਂ ਬਾਪ ਦੀਆਂ ਝਿੜਕਾਂ
ਸਕੂਲਾਂ 'ਚ ਬਣੇ ਚੁਬੱਚਿਆਂ ਵਿੱਚ
ਪੀਲੀ ਗਾਚਣੀ ਨਾਲ
ਪੋਚਦੇ ਫੱਟੀਆਂ
ਕਲਮਾਂ ਘੜ੍ਹ ਇਕ ਦੂਜੇ ਦੀ ਦਵਾਤ 'ਚੋਂ
ਡੋਬੇ ਲਾ ਕੇ
ਫੱਟੀਆਂ 'ਤੇ ਪੂਰਨੇ ਪਾ ਕੇ
ਲਿਖਦੇ ਰਹੇ ਅਸੀਂ
ਲੜਦੇ ਵੀ ਜੇ ਤਾਂ

ਫੱਟੀਆਂ ਹੀ ਹੁੰਦੀਆਂ ਸਨ ਸਾਡੇ ਹਥਿਆਰ
ਤੱਪੜਾਂ 'ਤੇ ਬੈਠ ਕੇ ਪੜ੍ਹਾਈਆਂ ਕਰਦੇ

ਉਸ ਆਖ਼ਰੀ ਪੀੜ੍ਹੀ ਦੇ ਲੋਕ ਹਾਂ ਅਸੀਂ
ਜਿਨ੍ਹਾਂ ਨੇ ਖੇਡੀਆਂ ਖੇਡਾਂ
ਲੁੱਕਣ-ਮੀਟੀ, ਪਿੱਠੂ-ਗਰਮ, ਗੁੱਲੀ-ਡੰਡਾ, ਬੰਟੇ
ਕਈ ਵਾਰ ਬੰਟੇ ਨਾ ਹੋਣ 'ਤੇ
ਨਿੱਕੇ ਨਿੱਕੇ ਪੱਥਰਾਂ ਨਾਲ ਹੀ
ਬੰਟਿਆਂ ਵਾਂਗ ਖੇਡਦੇ
ਭੱਜ ਭੱਜ ਕੇ ਗਲੀਆਂ ਵਿੱਚੋਂ
ਲੁੱਟਦੇ ਰਹੇ ਪਤੰਗ

ਬਚਪਨ ਦੀ ਉਮਰੇ ਬਰਾਤਾਂ ਵਿੱਚ
ਲੁੱਟਦੇ ਰਹੇ ਪੰਜੀਆਂ ਦਸੀਆਂ
ਗੁਆਂਢੀਆਂ ਦੇ ਘਰ ਜਾ ਕੇ ਚਿਤਰਹਾਰ ਦੇਖਦੇ

ਅਸੀਂ ਲਿਖੀਆਂ ਲੰਬੀਆਂ ਲੰਬੀਆਂ ਚਿੱਠੀਆਂ
ਪਿਆਰ ਵਿਚ ਡੁੱਬ ਕੇ
ਉਡੀਕਦੇ ਰਹੇ ਚਿੱਠੀਆਂ ਦੇ ਜਵਾਬ
ਡਾਕਖਾਨੇ ਦੇ ਬਾਹਰ ਖੜ੍ਹ ਕੇ
ਲਾਲ ਰੰਗ ਦੇ ਲੈਟਰ-ਬੌਕਸ ਵਿੱਚ
ਪਾਉਂਦੇ ਰਹੇ ਖ਼ਤਾਂ ਦੇ ਕਬੂਤਰ

ਉਸ ਪੀੜ੍ਹੀ ਦੇ ਲੋਕ ਹਾਂ ਅਸੀਂ
ਜਿਨ੍ਹਾਂ ਨੇ ਮਾਣੀ ਦਾਦਾ ਦਾਦੀ ਦੀ
ਨਿਰਛਲ ਮੁਹੱਬਤ
ਚਾਚੇ ਤਾਇਆਂ ਦਾ ਪਿਆਰ
ਨਾਨਕੇ ਘਰਾਂ ਵਿੱਚ, ਕਦੇ ਭੂਆ ਦੇ ਘਰ

ਛੁੱਟੀਆਂ ਕੱਟਣ ਲਈ
ਚਲੇ ਜਾਂਦੇ ਮਹੀਨਾ ਮਹੀਨਾ

ਅਸੀਂ ਉਸ ਆਖ਼ਰੀ ਪੀੜ੍ਹੀ ਦੇ ਲੋਕ ਹਾਂ
ਜਿਹੜੇ ਫਿਲਮ ਠੀਕ ਨਾ ਆਉਣ ’ਤੇ
ਛੱਤਾਂ ’ਤੇ ਚੜ੍ਹ ਕੇ
ਅੰਟੀਨੇ ਹਿਲਾ ਹਿਲਾ ਕੇ
ਤਸਵੀਰਾਂ ਨੂੰ ਹਿੱਲਣੋ ਹਟਾਉਂਦੇ ਰਹੇ
ਰਾਤ ਨੂੰ ਛੱਤਾਂ ’ਤੇ
ਫਰਾਟੇ ਪੱਖੇ ਮੂਹਰੇ ਪੈਣ ਲਈ ਲੜਦੇ ਰਹੇ
ਭੈਣ ਭਰਾਵਾਂ ਦੇ ਨਾਲ

ਅਸੀਂ ਉਸ ਆਖ਼ਰੀ ਪੀੜ੍ਹੀ ਦੇ ਲੋਕ ਹਾਂ
ਜਿਨ੍ਹਾਂ ਨੂੰ ਸ਼ਬਦਾਂ ਨਾਲ ਮੁਹੱਬਤ ਸੀ
ਸ਼ਬਦਾਂ ਦੇ ਖੰਭਾਂ ’ਤੇ ਬੈਠ
ਅਸੀਂ ਕਿੰਨੇ ਅੰਬਰਾਂ ਵਿੱਚ
ਘੁੰਮ ਆਉਂਦੇ
ਨਹੀਂ ਸਨ ਸਾਡੇ ਕੋਲ
ਫੇਸਬੁੱਕ, ਵਟਸਐਪ, ਇੰਟਰਨੈੱਟ, ਇੰਸਟਾਗ੍ਰਾਮ
ਸਾਨੂੰ ਤਾਂ ਮਹਿਬੂਬ ਨੂੰ
ਪਰਪੋਜ਼ ਕਰਨ ਲਈ ਵੀ
ਸਾਰੀ ਸਾਰੀ ਉਮਰ ਲੰਘ ਜਾਂਦੀ

ਮਾਂ ਪਿਉ ਦੀ ਇੱਜ਼ਤ ਰੱਖਣ ਲਈ
ਡਰਦਿਆਂ ਡਰਦਿਆਂ
ਸੀਨੇ ਵਿੱਚ ਆਪਣੇ ਅਰਮਾਨਾਂ ਨੂੰ ਦੱਬ ਕੇ
ਸਾਰੀ ਉਮਰ ਜਿਉਂਈ ਜਾਣ ਵਾਲੀ
ਅਸੀਂ ਉਸ ਆਖ਼ਰੀ ਪੀੜ੍ਹੀ ਦੇ ਲੋਕ ਹਾਂ।

## ਸਮਾਂ ਹੋ ਗਿਆ

ਰਾਤ ਸਾਰੀ
ਲੰਘ ਜਾਂਦੀ ਕਰਵਟਾਂ ਬਦਲਦੇ
ਤੜਕੇ ਜਿਹੇ ਜਦੋਂ ਹੀ
ਅੱਖ ਲੱਗਦੀ
ਤਾਂ ਬੀਵੀ
ਕੋਲ ਆ ਕੇ ਆਖਦੀ–
ਉੱਠੋ ਜੀ ਸਮਾਂ ਹੋ ਗਿਆ....

ਜਦੋਂ ਦਾ ਜਨਮਿਆ ਹਾਂ ਮੈਂ
ਜਾਂ ਸ਼ਾਇਦ ਮੇਰੇ ਜਨਮ ਤੋਂ ਵੀ ਪਹਿਲਾਂ
ਜਨਮਾਂ ਜਨਮਾਂਤਰਾਂ ਤੋਂ
ਪਿੱਛੇ ਪਿਆ ਹੋਇਆ
ਸਮਾਂ ਮੇਰੇ
ਕਦੇ ਸੁੱਖ ਦਾ ਥੋੜ੍ਹਾ ਜਿਹਾ
ਝੌਂਕਾ ਆਵੇ
ਤਾਂ ਦੁੱਖ ਬਾਂਹ ਝੰਜੋੜ ਕੇ ਆਖਦਾ
ਉੱਠ ਬਈ ਸਮਾਂ ਹੋ ਗਿਆ....

ਕਿਵੇਂ ਹੋ ਸਕਦਾ
ਕਿ ਸਮਾਂ ਨਾ ਹੋਵੇ ਕਦੇ ਵੀ
ਜਾਂ ਉਦੋਂ ਹੀ ਹੋਵੇ ਸਮਾਂ
ਜਦੋਂ ਮੈਂ ਚਾਹਾਂ

ਮੈਂ ਸੌਂ ਰਿਹਾ ਹੋਵਾਂ
ਸਮਾਂ ਖੜ੍ਹਾ ਰਹੇ ਮੇਰੇ ਮੰਜੇ ਦੇ ਕੋਲ
ਮੈਨੂੰ ਉਡੀਕਦਾ

ਮੇਰਾ ਖ਼ੁਆਬ ਪੂਰਾ ਹੋਣ ਦਾ
ਇੰਤਜ਼ਾਰ ਕਰਦਾ

ਜਾਂ ਇਸ ਤਰ੍ਹਾਂ ਹੋਵੇ
ਕਿ ਭੁੱਲ ਜਾਵਾਂ ਮੈਂ ਸਮਾਂ
ਮੈਂ ਹੀ ਕਿਉਂ
ਦੁਨੀਆ ਦੇ ਸਾਰੇ ਲੋਕ
ਭੁੱਲ ਜਾਣ ਸਮਾਂ....

ਤੁਸੀਂ ਕਹੋਗੇ
ਕਿ ਫੇਰ ਤਾਂ ਮੱਚ ਜਾਏਗੀ ਘੜਮੱਸ
ਲਟਕ ਜਾਏਗੀ ਦੁਨੀਆ
ਰੁਕ ਜਾਣਗੇ ਸਾਰੇ ਕੰਮ

ਪਰ ਇਹ ਸੋਚੋ
ਕਿੰਨਾ ਅਨੰਦਿਤ ਹੋ ਉਠੇਗਾ ਜੀਵਨ
ਸੜਕਾਂ ਤੇ ਨਹੀਂ ਹੋਵੇਗੀ ਭੀੜ
ਵਕਤ ਸਿਰ ਪਹੁੰਚਣ ਦੀ
ਨਾ ਵੱਜਣਗੇ ਹਾਰਨ ਗੱਡੀਆਂ ਦੇ
ਇੱਕ ਦੂਜੇ ਤੋਂ
ਅਗਾਂਹ ਨਿਕਲਣ ਦੀ ਹੋੜ ਵਿਚ....

ਅਧਸੁੱਤਾ ਜਿਹਾ ਉੱਠਿਆ
ਸੋਚ ਰਿਹਾ ਹਾਂ
ਪਰ ਸਮਾਂ
ਏਨਾ ਸਮਾਂ ਵੀ ਕਿੱਥੇ ਦੇਵੇਗਾ
ਤੋੜਨ ਲਈ ਆਪਣਾ
ਆਦਿ-ਅਨਾਦਿ ਨੇਮ....

ਲੱਗਦਾ ਹੈ
ਕਦੇ ਇਉਂ ਹੀ
ਜੀਵਨ ਦੀ ਗੋਦ ਵਿੱਚ
ਸਿਰ ਰੱਖ ਕੇ
ਸੌਂ ਰਿਹਾ ਹੋਵਾਂਗਾ
ਮਿੱਠੀ ਜਿਹੀ ਨੀਂਦ

ਕਿ ਮੌਤ ਆ ਕੇ ਕਹੇਗੀ
ਚੱਲ ਉੱਠ ਬਈ
ਸਮਾਂ ਹੋ ਗਿਆ।

## ਵੰਡ

ਸੂਰਜ ਕੋਲ ਧੁੱਪ ਹੈ
ਉਹ ਵੰਡਦਾ ਹੈ ਧੁੱਪ
ਉਹ ਵੰਡਦਾ ਹੈ
ਜੀਵਨ ਦਾ ਸੇਕ

ਹਵਾ ਕੋਲ
ਆਕਸੀਜਨ ਹੈ
ਉਹ ਵੰਡਦੀ ਹੈ
ਸਾਹ

ਅੱਗ ਕੋਲ ਤਪਸ਼ ਹੈ
ਉਹ ਰੱਖਦੀ ਜੀਵਨ ਨੂੰ
ਮਘਦਾ

ਮਾਲੀ ਕੋਲ ਫੁੱਲ ਨੇ
ਉਹ ਵੰਡਦਾ ਹੈ
ਖੁਸ਼ਬੂ

ਦੀਵੇ ਵੇਚਣ ਵਾਲਾ
ਵੰਡਦਾ ਹੈ
ਰੌਸ਼ਨੀ....

ਪਰ ਹੋਰ ਬਹੁਤ ਸਾਰੇ ਲੋਕ ਨੇ
ਜਿਨ੍ਹਾਂ ਕੋਲ ਹੈ ਬਾਰੂਦ
ਉਹ ਵੰਡ ਰਹੇ ਨੇ ਮੌਤ

ਜਿਨ੍ਹਾਂ ਕੋਲ ਹੈ ਜ਼ਹਿਰ
ਉਹ ਵੰਡਦੇ ਨੇ
ਜ਼ਹਿਰੀਲੇ ਭਾਸ਼ਣ
ਨਫ਼ਰਤ ਵੰਡਦੇ
ਮਨੁੱਖਤਾ ਵਿਚ ਜ਼ਹਿਰ ਬੀਜਦੇ....

ਦਿਮਾਗਾਂ ਵਿੱਚ ਕੂੜੇ ਦੇ
ਢੇਰ ਚੁੱਕੀ ਫਿਰਦੇ ਲੋਕ
ਸਾਰਾ ਸਾਰਾ ਦਿਨ
ਦੂਜਿਆਂ ਦੇ ਸਿਰਾਂ ਵਿੱਚ
ਸੁੱਟੀ ਜਾਂਦੇ ਕੂੜਾ

ਜਿਸ ਕੋਲ ਜੋ ਜੋ ਹੁੰਦਾ
ਉਹ ਉਹੋ ਕੁਝ ਹੀ
ਵੰਡ ਸਕਦਾ।

## ਵੈਂਟੀਲੇਟਰ ’ਤੇ ਲੱਗੇ ਰਿਸ਼ਤੇ

ਕਿਸੇ ਵੀ ਰਿਸ਼ਤੇ ਵਿੱਚ
ਜਦੋਂ ਮਰਨ ਲੱਗਦੇ ਅਹਿਸਾਸ
ਠਰਨ ਲੱਗਦੀ ਆਤਮਾ
ਸਿੱਥਲ ਹੋਣ ਲੱਗਦੇ
ਸਰੀਰ ਦੇ ਸਾਰੇ ਅੰਗ
ਤਾਂ ਲਾ ਦਿੰਦੇ ਅਸੀਂ ਰਿਸ਼ਤੇ ਨੂੰ
ਵੈਂਟੀਲੇਟਰ ’ਤੇ
ਉਸ ਦੀ ਉਮਰ ਲੰਮੇਰੀ ਕਰਨ ਦੇ ਲਈ

ਮਸਨੂਈ ਸਾਹ ਭਰਦੇ
ਹਵਾ ਦੇ ਭੁਕਾਨੇ ਨਾਲ
ਵੇਖਦੇ ਰਹਿੰਦੇ
ਸਥਿਰ ਸਪਾਟ ਚੇਹਰੇ ਵੱਲ
ਰਿਸ਼ਤੇ ਦੇ ਪੁਰਾਣੇ ਗੁਲਾਬੀ ਰੰਗਾਂ ਨੂੰ
ਯਾਦ ਕਰਦੇ

ਪਰ
ਜਰਜਰ ਹੋ ਚੁੱਕਿਆ ਹੁੰਦਾ ਰਿਸ਼ਤਾ
ਨਹੀਂ ਕੰਮ ਕਰਦੇ
ਸਾਡੇ ਦਿੱਤੇ ਮਸਨੂਈ ਸਾਹ
ਰਿਸ਼ਤਾ ਤਾਂ ਕਦੋਂ ਦਾ
ਮਰ ਚੁੱਕਿਆ ਹੁੰਦਾ
ਅਸੀਂ ਹੀ ਆਪਣੇ
ਮਨ ਦੀ ਤਸੱਲੀ ਲਈ
ਪਾਈ ਰੱਖਦੇ
ਮਰ ਚੁੱਕੇ ਰਿਸ਼ਤੇ ਨੂੰ
ਵੈਂਟੀਲੇਟਰ ’ਤੇ

ਅਤੇ ਗੁਬਾਰੇ ਨਾਲ
ਭਰੀ ਜਾਂਦੇ
ਨਕਲੀ ਸਾਹ

ਕਿਸੇ ਵੀ ਰਿਸ਼ਤੇ ਦਾ
ਮਰਨ ਤੋਂ ਪਹਿਲਾਂ
ਦਮ ਘੁਟਣ ਲੱਗਦਾ

ਕੋਈ ਵੀ ਰਿਸ਼ਤਾ
ਮਰਨ ਤੋਂ ਪਹਿਲਾਂ
ਵੈਂਟੀਲੇਟਰ 'ਤੇ ਲੱਗਦਾ।

## ਘਰ ਤੁਹਾਨੂੰ ਉਡੀਕਦੇ ਹਨ

ਕਿਸੇ ਮਜਬੂਰੀ ਵਿੱਚ
ਜਾਂ ਕਿਸੇ ਲਾਲਸਾ ਅਧੀਨ
ਚੰਗੇਰੇ ਭਵਿੱਖ ਦੀ ਤਲਾਸ਼ 'ਚ
ਜਾਂ ਬੱਚਿਆਂ ਦਾ
ਬੇਹਤਰ ਮੁਸਤਿਕਬਿਲ
ਬਣਾਉਣ ਦੇ ਲਈ
ਤੁਸੀਂ ਜੋ
ਆਪਣੇ ਵੱਸਦੇ ਘਰਾਂ ਨੂੰ
ਛੱਡ ਕੇ ਤੁਰ ਗਏ
ਦੋਸਤੋ !
ਉਹ ਘਰ ਤੁਹਾਨੂੰ ਉਡੀਕਦੇ ਨੇ....

ਘਰ ਤੁਹਾਨੂੰ ਉਡੀਕਦੇ ਨੇ
ਉਹ ਇੱਟਾਂ
ਜਿਨ੍ਹਾਂ ਨੂੰ ਤੁਸੀਂ ਜਾਂ
ਤੁਹਾਡੇ ਪੁਰਖਿਆਂ ਨੇ
ਆਪਣੇ ਖ਼ੂਨ ਪਸੀਨੇ ਨਾਲ ਚਿਣਿਆ
ਉਹ ਕੰਧਾਂ
ਜਿਨ੍ਹਾਂ ਵਿੱਚ ਤੁਹਾਡੀ ਮੇਹਨਤ ਦਾ
ਮਿੱਟੀ ਤੇ ਗਾਰਾ ਲੱਗਿਆ
ਉਹ ਛੱਤਾਂ
ਜਿਨ੍ਹਾਂ ਥੱਲੇ ਤੁਸੀਂ
ਜੀਵਨ ਦੀਆਂ ਕਿੰਨੀਆਂ ਹੀ ਤਲਖ਼ ਧੁੱਪਾਂ
ਕਿੰਨੀਆਂ ਹੀ ਬਰਸਾਤਾਂ ਵਿੱਚ
ਸੁਖ ਦੀ ਨੀਂਦ ਸੌਂਦੇ ਰਹੇ
ਉਹ ਘਰ ਤੁਹਾਨੂੰ ਉਡੀਕਦੇ ਨੇ....

ਉਹ ਘਰ
ਤੁਹਾਨੂੰ ਉਡੀਕਦੇ ਨੇ
ਜਿਨ੍ਹਾਂ ਨਾਲ ਤੁਹਾਡੇ
ਕਿੰਨੇ ਦੁੱਖ ਸਾਂਝੇ
ਕਿੰਨੇ ਸੁਖ
ਘਰ ਤੁਹਾਡੇ ਸੁਖਾਂ ਵਿੱਚ
ਤੁਹਾਡੇ ਨਾਲ ਖਿੜਖਿੜਾਏ
ਦੁੱਖਾਂ ਵਿੱਚ ਤੁਹਾਡੇ ਨਾਲ
ਫੁੱਟ ਫੁੱਟ ਕੇ ਰੋਏ
ਇਨ੍ਹਾਂ ਘਰਾਂ ਵਿੱਚ ਹੀ
ਤੁਸੀਂ ਆਪਣੇ ਚੰਗੇਰੇ ਭਵਿੱਖ ਦੇ
ਕਿੰਨੇ ਸੁਪਨੇ ਸੰਜੋਏ

ਕਦੇ ਇਹਨਾਂ ਘਰਾਂ ਵਿੱਚ
ਲੋਹੜੀਆਂ ਨੂੰ ਧੂਣੀ ਮਘਦੀ
ਹੋਲੀ ਨੂੰ ਕਿੰਨੀਆਂ
ਰੰਗੋਲੀਆਂ ਖਿੜਦੀਆਂ
ਦੀਵਾਲੀ ਨੂੰ ਬਨੇਰਿਆਂ 'ਤੇ
ਚਿਰਾਗ ਜਗਦੇ
ਕਦੇ ਇਹਨਾਂ ਘਰਾਂ ਵਿੱਚ
ਹਾਸਿਆਂ ਦੇ ਨਿਰਮਲ ਦਰਿਆ ਵਗਦੇ
ਅੱਜ ਇਹਨਾਂ ਘਰਾਂ ਦੀਆਂ
ਲੋਹੜੀਆਂ ਹੋਲੀਆਂ ਦੀਵਾਲੀਆਂ
ਤੁਹਾਨੂੰ ਉਡੀਕਦੀਆਂ ਹਨ

ਘਰਾਂ ਨੂੰ ਅਲਵਿਦਾ ਕਹਿ ਕੇ
ਤੁਰ ਗਏ ਦੋਸਤੋ !
ਇਹ ਘਰ ਅੱਜ

ਤੁਹਾਡੇ ਹਾਸਿਆਂ ਤੋਂ ਬਿਨਾਂ
ਉਦਾਸ ਹਨ
ਤੁਹਾਡੀਆਂ ਅਵਾਜ਼ਾਂ ਦੀ
ਸਰਗਮ ਤੋਂ ਬਿਨਾ
ਨਿਰਾਸ਼ ਹਨ

ਘਰ ਤੁਹਾਨੂੰ ਉਡੀਕਦੇ ਹਨ
ਵੱਸਦੇ ਘਰਾਂ ਨੂੰ
ਛੱਡ ਕੇ ਤੁਰ ਗਏ ਦੋਸਤੋ !
ਹੋ ਸਕੇ ਤਾਂ
ਘਰਾਂ ਨੂੰ ਪਰਤ ਆਓ....

ਉਹ ਘਰ ਤੁਹਾਨੂੰ ਉਡੀਕਦੇ ਹਨ।

## ਮਾਂ ਦਾ ਚਿਹਰਾ

ਰਾਤ ਸੁਪਨੇ ਵਿੱਚ ਮੈਂ
ਆਪਣੇ ਨਾਨਕੇ ਘਰ ਗਿਆ
ਉੱਥੇ ਬਹੁਤ ਸਾਰੇ ਲੋਕ ਬੈਠੇ ਸਨ
ਤੁਰ ਗਏ ਸਨ ਜੋ
ਇਸ ਦੁਨੀਆਂ ਤੋਂ
ਕਈ ਦਹਾਕੇ ਪਹਿਲਾਂ
ਮੇਰਾ ਨਾਨਾ, ਮੇਰੀ ਨਾਨੀ
ਮੇਰਾ ਛੋਟਾ ਮਾਮਾ
ਜੋ ਜਵਾਨੀ ਦੀ ਉਮਰੇ ਹੀ
ਬਿਜਲੀ ਦਾ ਕਰੰਟ ਲੱਗਣ ਨਾਲ
ਪੂਰਾ ਹੋ ਗਿਆ....

ਮੈਂ ਸਭ ਲਈ
ਮਠਿਆਈ ਲੈ ਕੇ ਗਿਆ
ਨਾਨੀ ਲਈ ਇੱਕ ਸੂਟ ਵੀ
ਸੂਫ਼ੀ ਰੰਗ ਦਾ
ਉਹ ਸਾਰੇ ਮੈਨੂੰ ਦੇਖ ਕੇ
ਮਿਲ ਕੇ ਬੜੇ ਖੁਸ਼ ਹੋਏ....

ਅਚਨਚੇਤ ਮੈਂ ਜਾਗ ਪਿਆ
ਸੁਪਨੇ ਬਾਰੇ ਸੋਚਦਾ
ਥੋੜੀ ਦੇਰ ਬਾਅਦ
ਫੇਰ ਸੌਂ ਗਿਆ....

ਫੇਰ ਮੈਨੂੰ ਦੂਜਾ ਸੁਪਨਾ ਆਇਆ
ਦੂਜੇ ਸੁਪਨੇ ਵਿੱਚ

ਮੈਨੂੰ ਮਾਂ ਦਿਸੀ
ਮੈਂ ਮਾਂ ਨੂੰ
ਪਹਿਲੇ ਸੁਪਨੇ ਬਾਰੇ ਦੱਸਿਆ....

ਮੈਂ ਵੇਖਿਆ
ਮਾਂ ਦਾ ਚਿਹਰਾ
ਆਪਣੇ ਪੇਕਿਆਂ ਦੀਆਂ ਗੱਲਾਂ ਸੁਣ ਕੇ
ਇਸ ਤਰ੍ਹਾਂ ਖਿੜ ਗਿਆ
ਜਿਵੇਂ ਉਸਦੇ ਜਿਉਂਦਿਆਂ
ਕਦੇ ਕਦੇ
ਆਪਣੇ ਪੇਕਿਆਂ ਦੀਆਂ ਗੱਲਾਂ ਕਰਦੇ
ਖਿੜ ਉਠਦਾ ਸੀ।

## ਅੰਦਰ ਮਰਿਆ ਬਸੰਤ

ਬਚਪਨ ਵਿੱਚ
ਸਾਡੇ ਸ਼ਹਿਰ ਦੇ ਅਸਮਾਨ 'ਤੇ
ਬਸੰਤ ਵਾਲੇ ਦਿਨ
ਏਨੇ ਉੱਡਦੇ ਸਨ ਪਤੰਗ
ਕਿ ਆਕਾਸ਼
ਪਤੰਗਾਂ ਨਾਲ ਭਰ ਜਾਂਦਾ
ਤੇ ਸ਼ਰਾਰਤੀ ਲੜਕੇ
ਇਕ-ਦੂਜੇ ਦਾ
ਪਤੰਗ ਕੱਟ ਕੱਟ ਕੇ
ਪਾਉਂਦੇ ਉੱਚੀ ਉੱਚੀ ਰੌਲਾ
ਆਈ ਬੋ....
ਆਈ ਬੋ....

ਸਾਡਾ ਘਰ ਬਹੁਤ ਹੀ
ਭੀੜੇ ਜਿਹੇ ਮੁਹੱਲੇ ਦੀ
ਬਹੁਤ ਹੀ ਭੀੜੀ ਜਿਹੀ ਗਲੀ ਦੇ ਵਿਚਕਾਰ ਸੀ
ਜਿਸਦੇ ਚਾਰੋ ਪਾਸੇ ਉੱਚੇ ਉੱਚੇ ਮਕਾਨ ਸਨ
ਉਸਦੇ ਵਿਹੜੇ ਵਿੱਚ ਖੜ੍ਹ ਕੇ
ਪਤੰਗ ਉੱਡਦੇ
ਦੇਖੇ ਤਾਂ ਜਾ ਸਕਦੇ ਸਨ
ਪਰ ਉਡਾਏ ਨਹੀਂ ਸਨ
ਜਾ ਸਕਦੇ
ਉਸ ਤੋਂ ਵੀ ਅਗਾਂਹ
ਸਾਡੀ ਛੱਤ ਤੇ ਜਾਣ ਲਈ
ਕੋਈ ਪੱਕੀ ਪੌੜੀ ਵੀ ਨਹੀਂ ਸੀ
ਲੱਕੜ ਦੀ ਘਸੀ ਜਿਹੀ

ਪੌੜੀ ਸੀ
ਜਿਹੜੀ ਚੜ੍ਹਨ ਵੇਲੇ
ਕਮਾਨ ਵਾਂਗੂੰ ਏਨੀ ਲਿਫ਼ ਜਾਂਦੀ
ਕਿ ਲੱਗਦਾ ਹੁਣੇ ਟੁੱਟ ਜਾਏਗੀ

ਸਭ ਤੋਂ ਵੱਧ ਸਿਤਮ ਇਹ
ਕਿ ਮੇਰੇ ਪਿਤਾ ਨੂੰ
ਬੜੀ ਨਫ਼ਰਤ ਸੀ
ਪਤੰਗਬਾਜ਼ੀ ਦੇ ਨਾਲ
ਉਹ ਮੈਨੂੰ
ਨਵੇਂ ਪਤੰਗ ਲੈ ਕੇ ਦੇਣੇ ਤਾਂ ਕੀ
ਲੁੱਟੇ ਹੋਏ ਪਤੰਗ ਉਡਾਉਣ ਦੀ ਵੀ
ਇਜਾਜ਼ਤ ਨਹੀਂ ਸੀ ਦਿੰਦੇ

ਮੈਂ ਚੋਰੀ ਚੋਰੀ ਪੌੜੀ ਚੜ੍ਹ ਕੇ
ਗੁਆਂਢੀਆਂ ਦੇ ਜਵਾਨ ਮੁੰਡਿਆਂ ਕੋਲ
ਖੜ੍ਹਾ ਰਹਿੰਦਾ
ਡੋਰ ਵਾਲੀ ਚਰਖੜੀ ਫੜ ਕੇ
ਬਦਲੇ ਵਿੱਚ ਉਹ ਮੈਨੂੰ
ਉੱਡਦੇ ਪਤੰਗ ਨੂੰ
ਕੁਝ ਕੁ ਤੁਣਕੇ ਮਾਰਨ ਲਈ
ਫੜਾ ਦਿੰਦੇ
....
ਇੱਕ ਵਾਰ
ਬਸੰਤ ਵਾਲੇ ਦਿਨ ਉਡਾਉਣ ਲਈ
ਮੈਂ ਗਲੀਆਂ ਵਿੱਚ
ਭੱਜ ਭੱਜ ਕੇ ਕਈ ਦਿਨ
ਕੁਝ ਪਤੰਗ ਲੁੱਟ ਕੇ
ਇਕੱਠੇ ਕੀਤੇ

ਰੱਖੇ ਲੁਕੋ ਕੇ ਘਰ ਵਿੱਚ
ਪੇਟੀ ਦੇ ਥੱਲੇ
ਪਰ ਬਦਕਿਸਮਤੀ ਨਾਲ
ਲੱਗ ਗਏ
ਮੇਰੇ ਪਿਤਾ ਦੇ ਹੱਥ

ਪਿਤਾ ਦੇ ਹੱਥ ਕੀ ਲੱਗੇ
ਉਨ੍ਹਾਂ ਨੇ ਮੇਰੇ ਸਾਹਵੇਂ ਹੀ
ਬੜੀ ਬੇਰਹਿਮੀ ਨਾਲ
ਉਨ੍ਹਾਂ ਨੂੰ ਮਸਲ ਕੁਚਲ ਕੇ
ਕੂੜੇ ਵਿੱਚ ਸੁੱਟ ਦਿੱਤਾ....

ਉਸ ਦਿਨ
ਉਸੇ ਪਲ
ਆਕਾਸ਼ ਮੇਰੇ ਅੰਦਰੋਂ ਮਰ ਗਿਆ
ਤੇ ਜ਼ਖ਼ਮੀ ਲਹੂ-ਲੁਹਾਨ ਪਤੰਗ
ਮੇਰੇ ਅੰਦਰ
ਗੁੱਛਾ ਮੁੱਛਾ ਹੋ ਕੇ
ਮਨ ਦੇ ਕਿਸੇ ਕੋਨੇ ਵਿੱਚ
ਸਹਿਮ ਕੇ ਦੁਬਕ ਗਏ
ਤੇ ਬਸੰਤ ਮੇਰੇ ਅੰਦਰ
ਇੱਕ ਲੰਬੀ ਪੱਤਝੜ
ਬਣ ਕੇ ਫੈਲ ਗਿਆ....

ਉਮਰ ਬੀਤ ਗਈ....

ਹੁਣ ਵੀ ਜਦੋਂ ਬਸੰਤ ਆਉਂਦਾ
ਘਰਾਂ ਦੀਆਂ ਛੱਤਾਂ 'ਤੇ ਖੜ੍ਹ ਕੇ
ਉਡਾਉਂਦੇ ਨੇ ਬੱਚੇ

ਆਕਾਸ਼ ਵਿੱਚ ਪਤੰਗ
ਲਾਉਂਦੇ ਨੇ ਪੇਚੇ
ਮਾਰਦੇ ਨੇ ਉੱਚੀ ਉੱਚੀ ਚੀਕਾਂ

ਜਦੋਂ ਵੀ ਕੋਈ ਪਤੰਗ
ਕੱਟਿਆ ਜਾਂਦਾ
ਤਾਂ ਅਚਾਨਕ
ਮੇਰੇ ਅੰਦਰੋਂ ਵੀ ਕੋਈ ਬੱਚਾ
ਜ਼ੋਰ ਦੀ ਚੀਕਦਾ ਹੈ

ਆਈ ਬੋ....
ਆਈ ਬੋ....।

## ਇੱਕ ਲਾਵਾਰਿਸ ਸਾਈਕਲ

ਸਾਈਕਲ ਸਟੈਂਡ ਦੀ ਇੱਕ ਨੁੱਕਰ ਵਿੱਚ
ਮਹੀਨਿਆਂ ਤੋਂ ਤੱਕ ਰਿਹਾਂ
ਇੱਕ ਲਾਵਾਰਿਸ ਸਾਈਕਲ
ਧੂੜ ਮਿੱਟੀ ਨਾਲ ਭਰਿਆ
ਆਪਣੇ ਗੁਆਚੇ ਹੋਏ ਮਾਲਿਕ ਨੂੰ
ਉਡੀਕ ਰਿਹਾ

ਉਸ ਦੇ ਡੰਡੇ 'ਤੇ ਕੱਪੜਾ ਲਪੇਟਿਆ ਹੈ
ਲੱਗਦਾ ਹੈ ਜਿਵੇਂ ਹੁਣੇ ਕੋਈ ਬੱਚਾ
ਡੰਡੇ ਤੋਂ ਉੱਤਰ ਕੇ
ਆਪਣੇ ਘਰ ਵੱਲ ਦੌੜਿਆ ਹੈ
ਪਿਛਲੇ ਕੈਰੀਅਰ ਤੋਂ ਜਿਵੇਂ
ਹੁਣੇ ਕੋਈ ਤ੍ਰੀਮਤ
ਆਪਣੀ ਚੁੰਨੀ ਸੰਭਾਲਦੀ ਉੱਤਰੀ ਹੋਵੇ....

ਕੁਝ ਸਮਾਂ ਪਹਿਲਾਂ
ਇਸ ਦੀ ਘੰਟੀ ਦੀ ਟਨਾ-ਟਨ ਸੁਣ ਕੇ
ਮਾਂ ਪਿਉ ਦੀਆਂ ਅੱਖਾਂ ਵਿੱਚ
ਲਿਸ਼ਕ ਉਤਰਦੀ ਹੋਵੇਗੀ
ਬੱਚੇ ਆਪਣੀ ਚੀਜੀ ਲੈਣ ਲਈ
ਬਾਹਰ ਦੌੜਦੇ ਹੋਣਗੇ

ਇਸ ਦੀ ਘੰਟੀ ਹੁਣ ਵੀ
ਅੰਗੂਠੇ ਤੋਂ ਬਿਨਾਂ ਟਨ ਟਨ ਵੱਜਦੀ ਹੈ....

ਮੇਰੇ ਦੇਖਦੇ ਦੇਖਦੇ
ਸਾਈਕਲ ਆਪਣੀ ਥਾਂ ਤੋਂ ਹਿੱਲਿਆ

ਤੇ ਤੁਰ ਪਿਆ ਹੈ
ਆਪਣੇ ਗੁਆਚੇ ਹੋਏ ਮਾਲਿਕ ਨੂੰ ਲੱਭਣ
ਘੰਟੀ ਟਨਾ-ਟਨ ਵੱਜਦੀ
ਬੱਚਾ ਫੇਰ ਮੂਹਰੇ ਡੰਡੇ 'ਤੇ ਆ ਬੈਠਾ
ਪਿਛਲੇ ਸਟੈਂਡ 'ਤੇ ਬੈਠੀ
ਉਸਦੀ ਤ੍ਰੀਮਤ ਚੁੰਨੀ ਸੰਭਾਲ ਰਹੀ....

ਮੇਰੀ ਕਵਿਤਾ ਵਿੱਚ ਸਾਈਕਲ ਦੌੜ ਰਿਹਾ ਹੈ
ਆਪਣੇ ਚਿਰਾਂ ਦੇ ਗੁਆਚੇ ਹੋਏ
ਮਾਲਕ ਨੂੰ ਲੱਭਣ ਦੇ ਲਈ
ਭੀੜ ਭਰੇ ਬਾਜ਼ਾਰਾਂ
ਚੌਕਾਂ ਚੁਰਾਹਿਆਂ ਵਿੱਚ
ਕਿਸੇ ਨਹਿਰ ਕਿਨਾਰੇ
ਕਦੇ ਰੇਲ ਦੀ ਪਟੜੀ ਦੇ ਕੋਲ
ਆਪਣੇ ਗੁਆਚੇ ਹੋਏ
ਮਾਲਕ ਨੂੰ ਲੱਭਣ
ਸਾਈਕਲ ਦੌੜਦਾ ਜਾ ਰਿਹਾ ਹੈ....

ਮੈਂ ਸਾਈਕਲ ਨੂੰ
ਆਪਣੀ ਕਵਿਤਾ ਵਿੱਚੋਂ ਲੰਘਣ ਲਈ
ਰਾਹ ਛੱਡਦਾ ਹਾਂ।

## ਸਾਵਣ

ਸਾਵਣ ਸਿਰਫ਼ ਉਹਨਾਂ ਦਾ ਹੈ
ਜਿਨ੍ਹਾਂ ਦੇ ਸਿਰਾਂ 'ਤੇ
ਪੱਕੀਆਂ ਛੱਤਾਂ ਨੇ
ਜਿਨ੍ਹਾਂ ਕੋਲ ਬਿਨਾਂ ਕੰਮ ਕੀਤਿਆਂ
ਖਾਣ ਲਈ ਰੋਟੀ ਹੈ
ਖੀਰਾਂ ਨੇ
ਮਾਹਲ-ਪੂੜੇ ਨੇ

ਜਿਨ੍ਹਾਂ ਦੇ ਬੱਚੇ
ਲਗਜ਼ਰੀ ਕਾਰਾਂ ਵਿੱਚ
ਸਕੂਲ ਜਾਂਦੇ
ਜਿਹੜੇ ਕਦੇ ਵਰ੍ਹਦੇ ਮੀਂਹ ਵਿੱਚ ਭਿੱਜਦੇ
ਆਨੰਦ ਮਨਾਉਂਦੇ
ਵੀਡੀਓ ਬਣਾ ਬਣਾ ਕੇ
ਫੇਸਬੁੱਕ ਤੇ ਪਾਉਂਦੇ
ਸਾਵਣ ਸਿਰਫ਼ ਉਹਨਾਂ ਦਾ ਹੈ....

ਉਹਨਾਂ ਦਾ ਨਹੀਂ ਹੈ ਸਾਵਣ
ਜਿਨ੍ਹਾਂ ਕੋਲ
ਖਾਣ ਲਈ ਨਹੀਂ ਹੈ
ਇੱਕ ਦਿਨ ਦਾ ਰਾਸ਼ਨ
ਜਿਨ੍ਹਾਂ ਦੇ ਬੱਚੇ
ਸਰਕਾਰੀ ਸਕੂਲਾਂ 'ਚ ਪੜ੍ਹਦੇ
ਬਰਸਾਤ ਦੇ ਦਿਨਾਂ 'ਚ
ਸੜਕਾਂ ਤੇ ਖੜ੍ਹੇ ਪਾਣੀ 'ਚੋਂ
ਲੰਘ ਕੇ ਸਕੂਲ ਜਾਂਦੇ
ਤੇ ਰੋਟੀਆਂ ਦੀ ਥਾਂ

ਆਪਣੀ ਭੁੱਖ ਖਾਂਦੇ
ਸਾਵਣ ਉਹਨਾਂ ਦਾ ਨਹੀਂ ਹੈ....

ਉਹਨਾਂ ਦਾ ਵੀ ਨਹੀਂ ਹੈ ਸਾਵਣ
ਜਿਨ੍ਹਾਂ ਦੀਆਂ
ਬਰਸਾਤ ਦੇ ਦਿਨਾਂ 'ਚ
ਦਿਹਾੜੀਆਂ ਬੰਦ ਹੋ ਜਾਂਦੀਆਂ
ਉਹ ਘਰਾਂ ਅੰਦਰ ਬੈਠੇ
ਵਾਰ ਵਾਰ ਮੀਂਹ ਦੇ ਰੁਕਣ ਦੀਆਂ
ਅਰਦਾਸਾਂ ਕਰਦੇ
ਪਲ ਪਲ ਦੀ ਮੌਤ ਮਰਦੇ

ਉਹਨਾਂ ਦਾ ਨਹੀਂ ਹੈ ਸਾਵਣ
ਦੋਸਤੋ !
ਉਹਨਾਂ ਦਾ ਨਹੀਂ ਹੈ ਸਾਵਣ।

## ਬਰਸਾਤ

ਤੁਰੇ ਜਾਂਦੇ ਸੜਕ 'ਤੇ
ਅਚਾਨਕ ਘਿਰ ਆਇਆ ਬੱਦਲ
ਵਰ੍ਹਨ ਲੱਗਿਆ ਘਨਘੋਰ ਮੀਂਹ

ਦੇਖ ਕੇ ਦਰਖਤ ਇੱਕ
ਜਾ ਖੜ੍ਹਾ ਹੋਇਆ ਉਸਦੇ ਥੱਲੇ
ਜਿੱਥੇ ਹੋਰ ਵੀ ਖੜ੍ਹੇ ਸਨ
ਬਹੁਤ ਸਾਰੇ ਲੋਕ
ਵਾਛੜ ਤੋਂ ਬਚਦੇ

ਪੈਂਦਾ ਰਿਹਾ ਮੀਂਹ ਲਗਾਤਾਰ
ਗਰਜਦਾ ਰਿਹਾ ਬੱਦਲ
ਬਹੁਤ ਦੇਰ ਤੋਂ ਖੜ੍ਹਾ ਇੱਕ ਨੌਜਵਾਨ
ਵਾਰ ਵਾਰ ਘੜੀ ਦੇਖਦਾ
ਜਿਵੇਂ ਜਾਣਾ ਹੋਵੇ ਮਿਲਣ ਉਸਨੇ
ਆਪਣੀ ਮਹਿਬੂਬ ਨੂੰ

ਖਿਝ ਕੇ ਆਖ਼ਿਰ
ਆਪਣੇ ਆਪ ਨੂੰ ਹੀ
ਸੰਬੋਧਿਤ ਹੋ ਕੇ ਬੋਲਿਆ–
ਲੱਗਦਾ ਹੈ
ਕਦੇ ਨਹੀਂ ਰੁਕੇਗੀ ਇਹ ਬਾਰਿਸ਼....

ਉਸਦੀ ਗੱਲ ਸੁਣ ਕੇ
ਕੋਲ ਖੜ੍ਹਾ ਇੱਕ ਬਜ਼ੁਰਗ
ਮੁਸਕਰਾਇਆ

ਮੁਸਕਰਾਇਆ
ਤੇ ਬੋਲਿਆ–

ਐ ਨੌਜਵਾਨ !
ਮੈਂ ਆਪਣੀ ਜ਼ਿੰਦਗੀ ਵਿੱਚ
ਬੜੀਆਂ ਬਰਸਾਤਾਂ ਵੇਖੀਆਂ ਨੇ
ਬੜੀਆਂ ਮੂੰਹਜ਼ੋਰ
ਘਨਘੋਰ
ਪਰ ਅਜਿਹੀ ਬਰਸਾਤ
ਕੋਈ ਨਹੀਂ ਦੇਖੀ
ਜੋ ਕਦੇ ਰੁਕੀ ਨਾ ਹੋਵੇ

ਕਿੰਨੀ ਵੀ ਮੂਸਲਾਧਾਰ ਹੋਵੇ
ਬਰਸਾਤ ਭਾਵੇਂ
ਪਰ ਹਰ ਬਰਸਾਤ ਨੂੰ ਅੰਤ
ਰੁਕਣਾ ਹੀ ਪੈਂਦਾ।

## ਸੇਵਾਮੁਕਤ ਹੋਣ ਮਗਰੋਂ

ਕਿੰਨੇ ਵਰ੍ਹੇ
ਮੈਂ ਉਸ ਸੜਕ ਤੋਂ
ਲੰਘ ਕੇ ਜਾਂਦਾ ਰਿਹਾ ਆਪਣੀ ਨੌਕਰੀ ’ਤੇ
ਸ਼ਹਿਰ ਦੀ ਬਹੁਤ ਖ਼ੂਬਸੂਰਤ ਸੜਕ ਸੀ ਇਹ
ਆਲੇ ਦੁਆਲੇ ਬਿਰਖ ਜਿਸਦੇ
ਬੜੀ ਸ਼ਾਂਤ ਬੜੀ ਸੁਹਾਵਣੀ
ਮੈਂ ਰੋਜ਼ ਉਸ ਸੜਕ ਤੋਂ ਲੰਘਦਾ

ਮੈਂ ਰੋਜ਼ ਉਸ ਸੜਕ ਤੋਂ ਲੰਘਦਾ
ਕਦੇ ਮਨ ਵਿੱਚ
ਕਿਸੇ ਗੱਲ ਦਾ ਫ਼ਿਕਰ
ਕਦੇ ਕਿਸੇ ਗੱਲ ਦੀ ਚਿੰਤਾ
ਕਦੇ ਕੱਲ੍ਹ ਦੇ ਰਹਿ ਗਏ ਕੰਮਾਂ ਦੀ
ਕਦੇ ਕੱਲ੍ਹ ਨੂੰ ਆਉਣ ਵਾਲੇ ਕੰਮਾਂ ਦੀ
ਤੇ ਕਦੇ ਅੱਜ ਦੇ ਕੰਮਾਂ ਵਿਚਾਲੇ
ਘਿਰਿਆ ਰਹਿੰਦਾ ਮਨ

ਚਿੰਤਾ ਵਿੱਚ
ਬਿਨਾਂ ਆਲੇ ਦੁਆਲੇ ਤੱਕਿਆਂ
ਲੰਘਦਾ ਰਿਹਾ ਜੀਵਨ ਦੇ ਕਿੰਨੇ ਹੀ ਵਰ੍ਹੇ
ਮੈਂ ਇਸ ਖ਼ੂਬਸੂਰਤ ਸੜਕ ਤੋਂ....

ਸੇਵਾਮੁਕਤ ਹੋਣ ਮਗਰੋਂ
ਅੱਜ ਫਿਰ ਗੁਜ਼ਰਿਆ ਹਾਂ
ਉਸੇ ਸੜਕ ਤੋਂ
ਹੈਰਾਨ ਹੋਇਆ

ਕਿ ਆਲੇ ਦੁਆਲੇ
ਅਸਮਾਨ ਨੂੰ ਛੂੰਹਦੇ
ਬਿਰਖ
ਜਿਵੇਂ ਚੌਰ ਕਰਦੇ
ਠੰਡੀ ਪੌਣ ਵਗਦੀ
ਪੰਛੀਆਂ ਦੀਆਂ ਆਵਾਜ਼ਾਂ
ਕਿੰਨੀਆਂ ਮਨਮੋਹਣੀਆਂ
ਸਾਹ ਲੈਂਦਿਆਂ ਸੀਨੇ ਵਿੱਚ
ਭਰ ਗਈ ਤਾਜ਼ਾ ਆਕਸੀਜਨ
ਤੇ ਮਹਿਕਣ ਲੱਗੀ ਆਤਮਾ

ਥੋੜਾ ਹੋਰ ਨੀਝ ਨਾਲ ਤੱਕਿਆ
ਸੜਕ ਕਿਨਾਰੇ ਬਣੇ
ਪਾਰਕ ਅੰਦਰ ਕੁਝ ਮੁੰਡੇ-ਕੁੜੀਆਂ ਨੌਜਵਾਨ
ਇੱਕ ਦੂਜੇ ਨਾਲ ਬੈਂਚਾਂ ’ਤੇ ਜੁੜੇ ਬੈਠੇ
ਮੋਬਾਈਲ ਹੱਥਾਂ ’ਚ ਫੜੀ
ਕਿਸੇ ਅਜਬ ਜਿਹੀ ਦੁਨੀਆਂ ’ਚ ਗੁਆਚੇ
ਤਾਂ ਅੱਖਾਂ ’ਚ ਫੈਲ ਗਈ ਮੁਹੱਬਤ
ਨਸ਼ਿਆ ਗਈ ਰੂਹ

ਸੇਵਾ ਮੁਕਤ ਹੋਇਆ
ਤਾਂ ਨਜ਼ਰ ਆਉਣ ਲੱਗਿਆ
ਕਿੰਨਾ ਕੁਝ ਖ਼ੂਬਸੂਰਤ
ਜੋ ਨੌਕਰੀ ਕਰਦਿਆਂ
ਲੁਕਿਆ ਰਿਹਾ
ਅੱਖਾਂ ਤੋਂ ਓਹਲੇ।

## ਪੇਕਿਆਂ ਦਾ ਸੂਟ

ਹਰ ਘਰ ਵਿੱਚੋਂ
ਧੀਆਂ ਜਾਂਦੀਆਂ
ਨੂੰਹਾਂ ਆਉਂਦੀਆਂ
ਮਾਪਿਆਂ ਘਰ ਬਿਤਾ ਕੇ
ਬਚਪਨ ਅਤੇ
ਜਵਾਨੀ ਦੇ ਸਾਲ
ਕਿੰਨੀਆਂ ਸਾਂਝਾਂ ਤੋੜ ਕੇ
ਨਵਾਂ ਘਰ
ਵਸਾਉਂਦੀਆਂ ਕੁੜੀਆਂ....

ਘਰ ਜੋੜਦੀਆਂ
ਬੱਚੇ ਪੈਦਾ ਕਰਦੀਆਂ
ਵੰਸ਼ ਅਗਾਂਹ ਤੋਰਦੀਆਂ
ਬੱਚੇ ਵਿਆਹੁੰਦੀਆਂ
ਪੁੱਤ ਪੋਤੇ ਦੋਹਤੇ ਦੋਹਤੀਆਂ
ਪਾਲਦੀਆਂ
ਆਪਣੀ ਸਾਰੀ ਉਮਰ
ਇੱਕ ਘਰ ਨੂੰ
ਅਰਪ ਦਿੰਦੀਆਂ ਔਰਤਾਂ....

ਪਰ
ਅੰਤ ਵੇਲੇ ਜਦ
ਪਰਲੋਕ ਸਿਧਾਰਦੀਆਂ
ਤਾਂ ਜਿਸ ਘਰ ਵਿੱਚ
ਉਨ੍ਹਾਂ ਉਮਰ
ਖਪਾ ਦਿੱਤੀ ਹੁੰਦੀ

ਉਸ ਘਰ ਵਿੱਚੋਂ ਉਨ੍ਹਾਂ ਨੂੰ
ਕਫ਼ਨ ਦਾ ਟੋਟਾ ਵੀ
ਨਸੀਬ ਨਾ ਹੁੰਦਾ

ਅੰਤਿਮ ਸਮੇਂ
ਉਨ੍ਹਾਂ ਦਾ ਤਨ ਢਕਣ ਲਈ
ਪੇਕਿਆਂ ਦਾ ਸੂਟ
ਉਡੀਕਿਆ ਜਾਂਦਾ।

## ਸਟੇਟਸ ਦਾ ਰਿਸ਼ਤਾ

ਬੜੇ ਵਰ੍ਹਿਆਂ ਤੋਂ
ਉਹਦੇ ਤੇ ਮੇਰੇ ਵਿਚਕਾਰ
ਨਾ ਹੀ ਕੋਈ ਨਫ਼ਰਤ ਹੈ
ਤੇ ਨਾ ਕੋਈ ਪਿਆਰ
ਨਾ ਹੀ ਕੋਈ ਨਿੱਘਾ ਰਿਸ਼ਤਾ
ਨਾ ਤਕਰਾਰ
ਨਾ ਕੋਈ ਖ਼ਤ
ਨਾ ਕੋਈ ਸੁਨੇਹਾ
ਇੱਕ ਦੂਜੇ ਤੱਕ ਪਹੁੰਚੇ
ਸੱਤ ਸਮੁੰਦਰੋਂ ਪਾਰ....

ਬਸ ਇੱਕ ਦੂਜੇ ਦਾ
ਵਟਸਐਪ ਨੰਬਰ ਹੈ
ਸਾਡੇ ਦੋਹਾਂ ਕੋਲ
ਜਦੋਂ ਵੀ ਕੋਈ
ਸਟੇਟਸ ਪਾਵਾਂ
ਸਭ ਤੋਂ ਪਹਿਲਾਂ
ਮੇਰਾ ਸਟੇਟਸ
ਉਹ ਹੀ ਵਿਊ ਕਰਦੀ ਹੈ
ਮੈਂ ਵੀ ਨਵਾਂ ਸਟੇਟਸ ਉਸਦਾ
ਸਭ ਤੋਂ ਪਹਿਲਾਂ
ਦੇਖ ਲੈਂਦਾ ਹਾਂ ਝਾਤੀ ਮਾਰ

ਬਸ ਏਨੇ ਨਾਲ ਹੀ
ਜੁੜੇ ਹੋਏ ਹਾਂ
ਦੋਵੇਂ ਸੱਤ ਸਮੁੰਦਰੋਂ ਪਾਰ

ਇਸ ਤੋਂ ਬਿਨਾਂ
ਹੋਰ ਕੋਈ ਰਿਸ਼ਤਾ
ਨਾ ਮੁਹੱਬਤ
ਨਾ ਤਕਰਾਰ
ਸਾਡੇ ਦੋਹਾਂ ਦੇ ਵਿਚਕਾਰ
ਬੱਸ ਇੱਕ ਸਟੇਟਸ ਦਾ
ਹੀ ਰਿਸ਼ਤਾ ਹੈ।

## ਅਸਲੀ ਪਰਿਭਾਸ਼ਾ

ਮੈਂ ਉਸਨੂੰ
ਵਾਰ ਵਾਰ ਯਾਦ ਕਰਦਾ
ਉਸ ਨੂੰ ਪੁੱਛਦਾ
ਕਿੱਥੇ ਹੈਂ ਤੂੰ ?
ਖਾਣਾ ਖਾਧਾ ?
ਕੱਪੜੇ ਪਾਏ ਕਿਸ ਰੰਗ ਦੇ ?
ਬਿੰਦੀ ਲਾਈ ਕਿਸ ਰੰਗ ਦੀ ?

ਨਿੱਕੀ ਨਿੱਕੀ ਗੱਲ ਜਾਣਨੀ
ਚਾਹੁੰਦਾ ਮੈਂ
ਉਸਦੇ ਵਜੂਦ ਨਾਲ ਜੁੜੀ
ਹਰ ਵੇਲੇ ਉਸ ਦੇ ਕੋਲ ਕੋਲ ਰਹਿਣਾ
ਲੋਚਦਾ ਮੈਂ

ਪਰ
ਉਹ ਖਿਝ ਜਾਂਦੀ
ਗੁੱਸੇ ਹੁੰਦੀ
ਉਸਨੂੰ ਲੱਗਦਾ
ਕਿ ਮੈਂ ਜ਼ਿਆਦਾ ਹੀ
ਸਵਾਲ ਕਰਦਾ ਸਾਂ ਉਸਨੂੰ
ਇਹ ਉਸਦੀ ਵਿਅਕਤੀਗਤ
ਆਜ਼ਾਦੀ ਤੇ ਹਮਲਾ ਸੀ.....

ਹੌਲੀ ਹੌਲੀ ਸਮਝਿਆ ਮੈਂ
ਸਿੱਖ ਗਿਆ ਹੌਲੀ ਹੌਲੀ
ਬੇਲਾਗ ਹੋਣਾ

ਉਸ ਦੀ ਗੱਲ ਦਾ ਜਵਾਬ
ਓਨਾ ਕੁ ਦੇਣਾ
ਜਿੰਨੀ ਕੁ ਉਸ ਨੂੰ
ਜ਼ਰੂਰਤ ਹੁੰਦੀ
ਓਨਾ ਕੁ ਸਵਾਲ ਉਸਨੂੰ ਕਰਨਾ
ਜਿੰਨਾ ਕੁ ਉਸਨੂੰ
ਬੁਰਾ ਨਾ ਲੱਗੇ

ਹੁਣ ਬਹੁਤ ਖੁਸ਼ ਹੈ ਉਹ
ਮੈਨੂੰ ਆਖਦੀ–
ਤੈਨੂੰ ਪਿਆਰ ਦੀ ਅਸਲੀ ਪਰਿਭਾਸ਼ਾ
ਹੁਣ ਸਮਝ ਆਈ ਹੈ।

## ਵੇਹਲੇ ਵੇਲੇ ਦਾ ਗੀਤ

ਜਾਣਦਾ ਹਾਂ
ਮੈਂ ਉਹ ਗੀਤ ਹਾਂ
ਜੋ ਤੂੰ ਆਪਣੇ ਵੇਹਲੇ ਵਕਤ ਵਿੱਚ
ਗੁਣਗੁਣਾਉਂਦੀ ਹੈਂ

ਪਾਣੀ ਦੀ ਉਹ ਬੂੰਦ ਹਾਂ
ਜੋ ਤੇਰੇ ਹੋਠਾਂ ਨੂੰ
ਉਸ ਵੇਲੇ ਛੂੰਹਦੀ ਹੈ
ਜਦੋਂ ਤੂੰ ਅਤ੍ਰਿਪਤ ਹੁੰਦੀ ਹੈਂ

ਧੁੱਪ ਦੀ ਉਹ ਕਾਤਰ ਹਾਂ
ਜੋ ਤੂੰ ਆਪਣੀ
ਸਿਹਰਨ ਵਿਚ ਪਹਿਨਦੀ ਹੈਂ

ਹਵਾ ਦਾ ਉਹ ਬੁੱਲ੍ਹਾ ਹਾਂ
ਜੋ ਤੂੰ ਸਿਰਫ਼ ਦਮ ਘੁਟਦਿਆਂ
ਆਪਣੇ ਅੰਦਰ ਸਾਹ ਨਾਲ ਭਰਦੀ ਹੈਂ

ਪਰ
ਤੂੰ ਨਹੀਂ ਜਾਣਦੀ....

ਮੈਂ ਉਹ ਚਸ਼ਮਾ ਹਾਂ
ਜੋ ਨਿਰੰਤਰ ਤੇਰੇ ਲਈ
ਦਿਨ ਰਾਤ ਵਗਦਾ

ਉਹ ਮੁਸਕਰਾਹਟ ਹਾਂ
ਜੋ ਹਰ ਘੜੀ

ਤੇਰੇ ਹੋਠਾਂ ਲਈ ਰਾਖਵੀਂ

ਉਹ ਸਮੁੰਦਰ ਹਾਂ
ਜੋ ਹਰ ਪਲ ਤੇਰੇ ਲਈ ਖੌਲਦਾ

ਉਹ ਸੰਗੀਤ ਹਾਂ
ਜੋ ਹਰ ਵੇਲੇ ਤੇਰੀ ਫਿਜ਼ਾ 'ਚ
ਗੂੰਜਦਾ

ਕੁਝ ਹੈ
ਜੋ ਸਿਰਫ਼ ਮੈਂ ਜਾਣਦਾ ਹਾਂ
ਕੁਝ ਹੈ
ਜੋ ਸਿਰਫ਼ ਤੂੰ ਨਹੀਂ ਜਾਣਦੀ।

## ਡਰ

ਲੱਗਦਾ ਸੀ ਡਰ
ਤੇਰੇ ਬਿਨਾਂ ਕਿਵੇਂ ਕੱਟਣਗੇ
ਪਲ
ਮਿੰਟ
ਘੰਟੇ
ਦਿਨ
ਹਫ਼ਤੇ
ਮਹੀਨੇ
ਸਾਲ

ਲੱਗਦਾ ਸੀ
ਕਿਆਮਤ ਆ ਜਾਏਗੀ
ਬੁਝ ਜਾਏਗਾ ਸੂਰਜ
ਘੁੰਮਣੋਂ ਰੁਕ ਜਾਏਗੀ ਧਰਤੀ

ਪਰ
ਗੁਜ਼ਰਦਾ ਗਿਆ ਵਕਤ
ਕੁਝ ਵੀ ਨਾ ਬੁਝਿਆ
ਨਾ ਰੁਕਿਆ
ਘੁੰਮਦੀ ਰਹੀ
ਓਸੇ ਤਰ੍ਹਾਂ ਧਰਤੀ
ਚੜ੍ਹਦਾ ਡੁੱਬਦਾ ਰਿਹਾ
ਓਸੇ ਤਰ੍ਹਾਂ ਸੂਰਜ

ਤੇਰੇ ਵਿਛੜਨ ਦਾ ਡਰ
ਤੇਰੇ ਵਿਛੜਨ ਤੋਂ
ਜ਼ਿਆਦਾ ਭਿਆਨਕ ਸੀ।

## ਉਦਾਸੀ ਦਾ ਤਾਂਡਵ

ਬਹੁਤ ਰਹੇ
ਨਜ਼ਦੀਕ ਲੋਕ
ਕੁਝ ਮਨ ਦੇ
ਬਹੁਤ ਕੋਲ
ਕੁਝ ਤਨ ਦੇ
ਬਹੁਤ ਕਰੀਬ

ਬਹੁਤ ਰਹੇ
ਨਜ਼ਦੀਕ ਲੋਕ
ਪਰ ਕੋਈ ਨਹੀਂ
ਪਛਾਣ ਸਕਿਆ
ਲਤੀਫ਼ਿਆਂ ਦੇ ਉਹਲੇ
ਛੁਪਿਆ ਹੋਇਆ ਦਰਦ
ਨਹੀਂ ਸਮਝ ਸਕਿਆ
ਕੋਈ
ਤਿੜਕੇ ਹੋਏ
ਮਨ ਦਾ ਇਤਿਹਾਸ

ਕੁਝ ਮਨ ਨੂੰ ਛੂਹ ਕੇ
ਕੁਝ ਤਨ ਨੂੰ ਛੂਹ ਕੇ
ਮੁੜਦੇ ਰਹੇ
ਕਿਨਾਰਿਆਂ ਤੋਂ ਹੀ

ਤੇ ਉਦਾਸੀ ਦਾ
ਤਾਂਡਵ ਹੁੰਦਾ ਰਿਹਾ
ਸਮੁੰਦਰ ਦੇ ਐਨ ਵਿਚਕਾਰ।

## ਕੁਝ ਸ਼ਹਿਰ

ਕੁਝ ਸ਼ਹਿਰ
ਬੰਦਿਆਂ ਲਈ
ਬਹੁਤ ਛੋਟੇ ਹੋ ਜਾਂਦੇ
ਕੁਝ ਰਾਹ ਪੈਰਾਂ ਲਈ
ਕੁਝ ਅਸਮਾਨ
ਤਾਰਿਆਂ ਲਈ
ਕੁਝ ਰਾਤਾਂ
ਸੁਪਨਿਆਂ ਲਈ
ਤੇ ਕੁਝ ਘਰ
ਬੰਦਿਆਂ ਲਈ
ਬਹੁਤ ਨਿੱਕੇ ਰਹਿ ਜਾਂਦੇ ਨੇ....

ਉਦੋਂ ਸੂਰਜ ਦੀ ਧੁੱਪ
ਸੂਰਜ ਨੂੰ ਅਲਵਿਦਾ ਆਖਦੀ ਹੈ
ਚਾਂਦਨੀ ਚੰਦ ਵੱਲ ਪਿੱਠ ਫ਼ੇਰਦੀ ਹੈ
ਤੇ ਬੰਦਾ ਅਣਜਾਣ ਰਾਹਾਂ 'ਚ
ਤੇ ਅਜਨਬੀ ਬਾਹਾਂ 'ਚ
ਜਾ ਭਟਕਦਾ ਹੈ

ਆਪਣੀ ਪਹਿਚਾਣ ਲੱਭਦਾ ਹੈ
ਆਪਣੇ ਨਿਸ਼ਾਨ ਲੱਭਦਾ ਹੈ....

ਜਦੋਂ ਪੈਰਾਂ ਲਈ ਰਾਹ
ਤੇ ਸੀਨੇ ਲਈ ਸਾਹ
ਛੋਟੇ ਪੈ ਜਾਂਦੇ ਨੇ।

## ਨਹੀਂ ਰਿਹਾ

ਨਹੀਂ ਰਿਹਾ ਕਿਤੇ ਵੀ
ਅਣਚਾਹਿਆ ਮੈਂ.....

ਨਾ ਕਿਸੇ ਘਰ ਵਿੱਚ
ਨਾ ਕਿਸੇ ਰਿਸ਼ਤੇ ਕੋਲ
ਨਾ ਕਿਸੇ ਦੇ ਖ਼ਿਆਲਾਂ
ਨਾ ਕਿਸੇ ਦੀ ਮੁਹੱਬਤ ਵਿੱਚ
ਕਿਤੇ ਨਹੀਂ ਰਿਹਾ
ਅਣਚਾਹਿਆ ਮੈਂ

ਨਿਕਲ ਆਇਆ
ਉਸ ਦਿਲ 'ਚੋਂ
ਜਿੱਥੇ ਥਾਂ ਨਹੀਂ ਸੀ ਮੇਰੀ
ਤੁਰ ਆਇਆ ਉੱਥੋਂ
ਜਿੱਥੇ ਲੋੜ ਨਹੀਂ ਸੀ ਮੇਰੀ
ਜਿੱਥੇ ਵੀ ਲੱਗਿਆ
ਆਪਣਾ ਆਪ ਫਾਲਤੂ
ਉੱਥੇ ਕਦੇ ਨਹੀਂ ਰੁਕਿਆ ਮੈਂ

ਉਨ੍ਹਾਂ ਥਾਵਾਂ 'ਤੇ ਵੀ
ਨਹੀਂ ਰਹਿ ਸਕਿਆ
ਜਿਹੜੀਆਂ ਥਾਵਾਂ ਮੇਰੇ ਲਈ
ਕਿਸੇ ਮੱਕੇ ਵਾਂਗ ਸਨ
ਜਿਨ੍ਹਾਂ 'ਤੇ ਮੈਂ ਸਜਦਾ ਕਰਦਾ ਸਾਂ

ਮੇਰਾ ਸਿਰ ਝੁਕਦਾ ਸੀ ਜਿੱਥੇ
ਜਿਨ੍ਹਾਂ ਥਾਵਾਂ ਦੀ

ਮੈਂ ਇਬਾਦਤ ਕਰਦਾ
ਉੱਥੇ ਵੀ ਆਪਣਾ ਆਪ
ਲੱਗਿਆ ਜਦੋਂ ਫ਼ਾਲਤੂ
ਤਾਂ ਤੁਰ ਆਇਆ ਮੈਂ
ਚੁੱਪਚਾਪ

ਨਾ ਕਦੇ ਗਿਲਾ ਕੀਤਾ
ਕਿਸੇ ਨਾਲ
ਨਾ ਸ਼ਿਕਵਾ ਕੋਈ
ਬਸ ਜਿੱਥੇ ਵੀ
ਆਪਣਾ ਆਪ ਲੱਗਿਆ
ਅਣਚਾਹਿਆ
ਉੱਥੋਂ ਚੁੱਪਚਾਪ
ਤੁਰ ਆਇਆ ਮੈਂ।

## ਨਹੀਂ ਕਰ ਸਕਿਆ

ਨਹੀਂ ਕਰ ਸਕਿਆ ਕਦੇ
ਨਫ਼ਰਤ ਉਨ੍ਹਾਂ ਨੂੰ
ਜਿਨ੍ਹਾਂ ਨੂੰ
ਜੀਵਨ ਦੇ
ਕਿਸੇ ਇੱਕ ਪਲ ਵਿਚ ਵੀ
ਕੀਤਾ ਪਿਆਰ
ਨਹੀਂ ਹੋ ਸਕਿਆ
ਨਿਰਮੋਹਿਆ ਉਨ੍ਹਾਂ ਲਈ
ਇੱਕ ਪਲ ਲਈ ਵੀ
ਜਿਨ੍ਹਾਂ ਦੇ ਸਨੇਹ ਦਾ ਨਿੱਘ ਮਾਣਿਆ

ਵਕਤ ਸੀ
ਕਿ ਬਦਲਦਾ ਰਿਹਾ
ਬਦਲਦੀ ਰਹੀ ਹਵਾ
ਬਦਲਦੇ ਰਹੇ ਰਾਹ
ਬਦਲਦੀਆਂ ਰਹੀਆਂ ਬੇੜੀਆਂ
ਬਦਲਦੇ ਰਹੇ ਮਲਾਹ
ਬਦਲਦੇ ਰਹੇ ਮੁਸਾਫ਼ਿਰ
ਬਦਲਦੇ ਰਹੇ ਪੜਾਅ

ਪਰਿਵਰਤਨ ਤਾਂ ਨੇਮ ਹੈ
ਕੁਦਰਤ ਦਾ
ਰੋਜ਼ ਤਾਂ ਸੂਰਜ ਵੀ
ਇੱਕੋ ਜਿਹਾ ਨਹੀਂ ਚੜ੍ਹਦਾ
ਜਿਵੇਂ ਬਦਲਦੀ ਕੁਦਰਤ ਪਲ ਪਲ

ਕਦੇ ਬਹਾਰ
ਕਦੇ ਪੱਤਝੜ
ਕਦੇ ਫਿਰ ਬਹਾਰ

ਬਦਲਦੀਆਂ ਰਹਿੰਦੀਆਂ ਰੁੱਤਾਂ
ਆਉਂਦੀਆਂ ਜਾਂਦੀਆਂ....

ਬਦਲਦੇ ਰਹਿੰਦੇ ਇਵੇਂ ਹੀ
ਮਨ ਦੇ ਮੌਸਮ ਵੀ
ਪਰ ਮੌਸਮਾਂ ਵਾਂਗੂੰ ਆਪਣਾ ਆਪ
ਨਹੀਂ ਬਦਲ ਸਕਿਆ ਮੈਂ

ਅਡੋਲ ਖੜ੍ਹਾ ਕਿਸੇ ਬਿਰਖ ਵਾਂਗ
ਪੱਤਿਆਂ ਨੂੰ
ਆਪਣੇ 'ਤੇ ਖਿੜਦਾ
ਆਪਣੇ 'ਤੋਂ ਝੜਦਾ
ਤੱਕਦਾ ਰਿਹਾ

ਪਰ ਨਹੀਂ ਕਰ ਸਕਿਆ ਨਫ਼ਰਤ
ਜ਼ਿੰਦਗੀ 'ਚ ਜਿਸ ਨੂੰ
ਇੱਕ ਪਲ ਲਈ ਵੀ
ਕੀਤਾ ਪਿਆਰ।

## ਕਿਤੇ ਨਹੀਂ ਕੋਈ ਥਾਂ

ਕਿੰਨੇ ਪਰਬਤ ਦੂਰ ਦੂਰ ਤੱਕ ਫੈਲੇ
ਉੱਚੇ ਉੱਚੇ ਦਰੱਖ਼ਤਾਂ ਨਾਲ ਭਰੇ
ਕਿੰਨੇ ਰੇਗਿਸਤਾਨ
ਮੀਲਾਂ ਤੱਕ ਪੱਸਰੇ
ਰੇਤ ਹੀ ਰੇਤ ਦਿਸਦੀ
ਸਮੁੰਦਰ ਖੌਲਦੇ
ਧਰਤੀ ਦੇ ਇੱਕ ਸਿਰੇ ਤੋਂ
ਦੂਜੇ ਸਿਰੇ ਤੀਕ

ਆਕਾਸ਼ ਕਿੰਨਾ ਅਨੰਤ
ਪੰਛੀਆਂ ਨਾਲ ਭਰਿਆ
ਧਰਤੀ ਪੱਸਰੀ ਹੋਈ
ਅਨੰਤ ਦਿਸ਼ਾਵਾਂ ਤੀਕ
ਇਨ੍ਹਾਂ ਸਭਨਾਂ ਦਾ ਬੋਝ
ਆਪਣੀ ਹਿੱਕ ਤੇ ਚੁੱਕੀ
ਕਿੰਨਾ ਅਨੰਤ ਵਿਸਤਾਰ ਕੁਦਰਤ ਦਾ....

ਪਰ ਮੇਰੀ ਦੋਸਤ !
ਕੁਦਰਤ ਦੇ ਏਨੇ ਵੱਡੇ ਪਸਾਰ ਵਿੱਚ
ਏਸ ਵਿਸ਼ਾਲ ਪ੍ਰਕਿਰਤੀ ਦੇ ਪਰਿਵਾਰ ਵਿੱਚ
ਕਿਤੇ ਨਹੀਂ ਸਾਡੇ ਚਾਰ ਪੈਰਾਂ ਲਈ ਥਾਂ....

ਕਿਤੇ ਵੀ ਨਹੀਂ ਏਨੀ ਕੁ ਜਗ੍ਹਾ
ਜਿੱਥੇ ਮਿਲ ਸਕੀਏ ਅਸੀਂ
ਕੁਝ ਪਲਾਂ ਲਈ
ਬਿਲਕੁਲ ਇਕੱਲੇ।

## ਅੱਥਰੂ

ਅੱਧੀ ਰਾਤ
ਸੁੱਤੇ ਪਿਆਂ ਹੀ
ਅਚਾਨਕ
ਅੱਖਾਂ ਵਿੱਚ ਛਲਕ ਆਏ
ਅੱਥਰੂ

ਪਤਾ ਨਹੀਂ
ਬਚਪਨ ਦੀ ਕਿਹੜੀ ਪੀੜ
ਪਤਾ ਨਹੀਂ
ਕਿਸ ਮੁਹੱਬਤ ਦਾ ਦਰਦ
ਜੰਮਿਆ ਪਿਆ ਅੰਦਰ
ਇਸ ਬੇਵਕਤ
ਪਿਘਲ ਕੇ ਅੱਖਾਂ 'ਚੋਂ
ਵਹਿ ਤੁਰਿਆ....

ਪਤਾ ਨਹੀਂ
ਕਿਸਦੀ ਦੁਆ
ਕਿਸਦੀ ਬਦਦੁਆ ਨੇ
ਇਸ ਕੁਵੇਲੇ
ਯਾਦ ਕੀਤਾ
ਏਨੀ ਸ਼ਿੱਦਤ ਦੇ ਨਾਲ....।

## ਸਾ.......ਲ

ਉਸਨੇ ਕਿਹਾ–
ਬਸ ਮੈਂ ਗਈ
ਤੇ ਆਈ
ਇੱਕ ਸਾਲ ਬਾਅਦ
ਸਾਲ ਕਿੰਨਾ ਕੁ ਵੱਡਾ ਹੁੰਦਾ
ਪਤਾ ਵੀ ਨੀ ਲੱਗਦਾ
ਦਿਨ ਲੰਘਦਿਆਂ....

ਸਾ............ਲ
ਮੈਂ ਕਿਹਾ–
ਸਾਲ ਤਾਂ ਬਹੁਤ ਲੰਬਾ ਹੁੰਦਾ
ਪਲ
ਘੜੀਆਂ
ਪਹਿਰ
ਦਿਨ
ਹਫ਼ਤੇ
ਮਹੀਨੇ
ਕਿੰਨਾ ਕੁਝ ਜੋੜ ਜੋੜ ਕੇ
ਸਾਲ ਬਣਦਾ
ਕਿੰਨਾ ਕੁਝ ਉਡੀਕ ਕੇ
ਜਿਸਮ ਦੀ ਛਾਣਨੀ ਵਿੱਚੋਂ
ਛਣ ਛਣ ਕੇ ਲੰਘਦਾ ਸਾਲ....

ਬਹੁਤ ਲੰਬਾ ਹੁੰਦਾ
ਸਾ.....ਲ
ਤਾਂ....।

## ਫ਼ਰਕ

ਮੈਂ ਕਿਹਾ–

ਕਿ ਜਦੋਂ ਦੀ ਮੈਨੂੰ
ਤੂੰ ਮਿਲੀ ਹੈਂ
ਮੈਨੂੰ ਆਪਣਾ ਆਪ
ਗੁਆਚਾ ਹੋਇਆ ਲੱਗੇ....

ਹਰ ਵੇਲੇ ਹੀ ਅੱਚਵੀ ਜੇਹੀ
ਮਨ ਨੂੰ ਛਿੜਦੀ
ਕਿਸੇ ਥਾਂ ਵੀ
ਕਿਸੇ ਗੱਲ ਵਿੱਚ
ਮਨ ਨਾ ਲੱਗੇ....

ਉਹ ਬੋਲੀ–
ਪਤਾ ਨਹੀਂ....

ਮੈਨੂੰ ਤਾਂ ਪਰ
ਇਓਂ ਲਗਦਾ ਹੈ
ਕਿ ਜਦੋਂ ਦਾ ਮੈਨੂੰ
ਤੂੰ ਮਿਲਿਆ ਹੈਂ
ਮੈਨੂੰ ਆਪਣਾ ਆਪ ਗੁਆਚਾ
ਲੱਗਦਾ ਹੈ ਜਿਵੇਂ ਲੱਭ ਪਿਆ ਹੈ

ਚਾਰੇ ਪਾਸੇ
ਸਾਰੇ ਪਾਸੇ
ਦਿਸਦਾ ਜੀਕੁਣ
ਰੱਬ ਪਿਆ ਹੈ।

## ਅੱਜ

ਅੱਜ ਕੁਝ ਨਾ ਕਹੋ ਮੈਨੂੰ
ਅੱਜ ਮੈਂ
ਕਵਿਤਾ ਦੇ
ਰੰਗ ਵਿੱਚ ਭਿੱਜਿਆ ਹਾਂ
ਮੇਰੇ ’ਤੇ
ਸ਼ਬਦਾਂ ਦੀ
ਨਿੱਕੀ ਨਿੱਕੀ ਕਣੀ
ਵਰ੍ਹ ਰਹੀ ਹੈ....

ਅੱਜ ਮੈਨੂੰ ਕੁਝ ਨਾ ਕਹੋ
ਨਾ ਯਾਦ ਦਿਵਾਉ
ਜ਼ਿੰਮੇਵਾਰੀਆਂ
ਘਾਟੇ ਵਾਧੇ ਜ਼ਿੰਦਗੀ ਦੇ
ਸਫ਼ਲਤਾਵਾਂ
ਅਸਫ਼ਲਤਾਵਾਂ
ਮੇਰੇ ਗੁਣ ਔਗੁਣ....

ਨਾ ਯਾਦ ਕਰਾਓ
ਕਿ ਕਿਹੋ ਜਿਹਾ ਹੋਣਾ
ਚਾਹੀਦਾ ਸੀ ਮੈਨੂੰ
ਕਿਹੋ ਜਿਹਾ ਹੋ
ਸਕਿਆ ਹਾਂ ਮੈਂ
ਕਿੱਥੇ ਕਿੱਥੇ ਹਾਰਿਆ
ਜ਼ਿੰਦਗੀ ਦੀ ਜੰਗ ਲੜਦਾ
ਕਿੱਥੇ ਕਿੱਥੇ ਹੋਇਆ ਅਸਫ਼ਲ....

ਕੁਝ ਯਾਦ ਨਾ ਕਰਾਓ
ਅੱਜ ਕਵਿਤਾ
ਮੇਰੇ ਮਨ 'ਚ ਨੱਚ ਰਹੀ ਹੈ
ਅੱਜ ਰੱਬ
ਮੇਰੇ ਨਾਲ ਨਾਲ
ਤੁਰਿਆ ਫਿਰਦਾ ਹੈ....

ਅੱਜ ਕੁਝ ਨਾ ਕਹੋ ਮੈਨੂੰ
ਅੱਜ ਮੈਂ
ਕਵਿਤਾ ਦੇ
ਰੰਗ ਵਿੱਚ ਭਿੱਜਿਆ ਹਾਂ
ਮੇਰੇ 'ਤੇ
ਸ਼ਬਦਾਂ ਦੀ
ਨਿੱਕੀ ਨਿੱਕੀ ਕਣੀ
ਵਰ੍ਹ ਰਹੀ ਹੈ....।

## ਗੁਨਾਹਾਂ ਦੇ ਨਿਸ਼ਾਨ

ਮਨ ਵਿਚ ਜੰਮੀ
ਇਹ ਸੰਘਣੀ ਉਦਾਸੀ ਦੀ ਬਰਫ਼
ਅੱਖਾਂ 'ਚ ਪਸਰਿਆ ਇਹ
ਤਪਦੀ ਰੇਤ ਦਾ ਰੇਗਿਸਤਾਨ
ਸਮਝ ਨਹੀਂ ਆਉਂਦੀ
ਇਹ ਬਚਪਨ ਦੇ ਜਾਂ ਜਵਾਨੀ ਦੇ
ਕਿਨ੍ਹਾਂ ਗੁਨਾਹਾਂ ਦੇ ਨੇ ਨਿਸ਼ਾਨ

ਪਤਾ ਨਹੀਂ
ਇਹ ਬਚਪਨ ਦੇ ਅੱਥਰੂ
ਰਹੇ ਜੋ ਅਣਵਗੇ
ਅੰਦਰੋ ਅੰਦਰ ਸੁੱਕਦੇ
ਅੰਦਰੋ ਅੰਦਰ ਜੰਮਦੇ
ਪੱਥਰ ਹੋ ਗਏ
ਕਿਸੇ ਗਲੇਸ਼ੀਅਰ ਵਾਂਗ
ਰੂਹ ਦੇ ਧਰੁਵਾਂ ਵਿੱਚ
ਇਕ ਕੋਨੇ ਤੋਂ
ਦੂਸਰੇ ਕੋਨੇ ਤੱਕ ਫੈਲੇ

ਨਾ ਪਤਾ ਲੱਗੇ
ਉਦਾਸੀ ਇਹ
ਗੁਆਚੀਆਂ ਮੁਹੱਬਤਾਂ ਦੀ
ਰੇਤ ਦੇ ਕਿਣਕਿਆਂ ਵਿੱਚ ਵਟ ਕੇ
ਫੈਲ ਗਈ ਅੱਖਾਂ ਦੇ ਮਾਰੂਥਲ ਵਿੱਚ
ਤਪਦੀ ਬਲਦੀ ਝੁਲਸਾਉਂਦੀ ਰਹਿੰਦੀ
ਦਿਨ ਰਾਤ ਵਜੂਦ ਮੇਰਾ

ਨਾ ਹੀ ਪਤਾ ਲੱਗੇ
ਇਹ ਜੰਮੀ ਬਰਫ਼
ਇਹ ਤਪਦੀ ਰੇਤ
ਜਿਸਮ ਨੂੰ ਠਾਰਦੀ
ਕਦੇ ਸਾੜਦੀ
ਕਿਨ੍ਹਾਂ ਦੁੱਖਾਂ ਦੀ
ਕਿਨ੍ਹਾਂ ਦਰਦਾਂ ਦੀ
ਜੋ ਉਤਾਰ ਨਾ ਹੋਏ
ਉਨ੍ਹਾਂ ਅਣਲਾਹੇ ਕਰਜ਼ਾਂ ਦੀ....

ਕੁਝ ਪਤਾ ਨਾ ਲੱਗੇ
ਮਨ ਵਿਚ ਜੰਮੀ
ਇਹ ਉਦਾਸੀ ਦੀ ਬਰਫ਼
ਨਾ ਟੁੱਟਦੀ
ਨਾ ਪਿਘਲਦੀ

ਰੂਹ ਵਿਚ ਫੈਲਿਆ
ਇਹ ਤਪਦਾ ਰੇਗਿਸਤਾਨ
ਬਚਪਨ ਜਾਂ ਜਵਾਨੀ
ਉਮਰ ਦੇ ਕਿਨ੍ਹਾਂ
ਗੁਨਾਹਾਂ ਦੇ ਨੇ ਨਿਸ਼ਾਨ।

## ਕੁੱਤਾ-ਮਿਲਣੀ

ਮੈਂ ਡੋਰ ਬੈੱਲ ਵਜਾਈ
ਤਾਂ ਅੰਦਰੋਂ ਕਿਸੇ ਦੇ
ਬੋਲਣ ਤੋਂ ਪਹਿਲਾਂ
ਕੁੱਤੇ ਦੇ ਭੌਂਕਣ ਦੀ ਆਵਾਜ਼ ਆਈ

ਗੇਟ ਖੁੱਲ੍ਹਿਆ
ਤਾਂ ਮੇਰੇ ਦੋਸਤ ਤੋਂ ਮੂਹਰੇ
ਕੁੱਤਾ ਨਿਕਲਿਆ ਭੱਜ ਕੇ ਬਾਹਰ
ਮੇਰੇ ਦੁਆਲੇ ਘੁੰਮਣ ਲੱਗਿਆ
ਮੈਨੂੰ ਸੁੰਘਣ ਲੱਗਿਆ

ਦੋਸਤ ਨੇ ਹੱਥ ਮਿਲਾਇਆ
ਪਰ ਸਾਰਾ ਧਿਆਨ ਸੀ ਉਸਨੇ
ਆਪਣੇ ਕੁੱਤੇ 'ਤੇ ਟਿਕਾਇਆ
ਕਿ ਦੂਰ ਨਾ ਚਲਾ ਜਾਏ ਕਿਧਰੇ....

ਅੰਦਰ ਜਾਂਦੇ
ਡਰਾਇੰਗ ਰੂਮ ਤੱਕ ਪਹੁੰਚਦੇ
ਕੁੱਤਾ ਸੁੰਘਦਾ ਗਿਆ ਮੈਨੂੰ
ਅੱਗੇ ਪਿੱਛੇ
ਜਿਵੇਂ ਮੈਂ ਕਿਸੇ ਦੁਸ਼ਮਣ ਦੇਸ਼ ਦਾ
ਜਾਸੂਸ ਹੋਵਾਂ

ਡਰਾਇੰਗ ਰੂਮ ਵਿੱਚ
ਬੈਠੇ ਮੈਂ ਤੇ ਮੇਰਾ ਦੋਸਤ
ਕੁੱਤਾ ਬੈਠ ਗਿਆ ਸਾਡੇ ਸਾਹਮਣੇ
ਸੋਫ਼ੇ 'ਤੇ ਚੜ੍ਹ ਕੇ

ਘੂਰਨ ਲੱਗਿਆ ਸਾਨੂੰ
ਮੈਨੂੰ ਉਸਦੇ ਤਿੱਖੇ ਦੰਦਾਂ
ਤੇ ਲਮਕਦੀ ਜੀਭ ਤੋਂ
ਆਉਂਦਾ ਰਿਹਾ ਭੈਅ

ਦੋਸਤ
ਮੇਰੇ ਨਾਲ ਗੱਲਾਂ ਕਰਦਾ
ਵਿੱਚ ਵਿੱਚ ਉਸਨੂੰ ਵੀ ਪੁਚਕਾਰਦਾ
ਪਿਆਰ ਨਾਲ ਉਸਨੂੰ ਦੁਲਾਰਦਾ
ਭੁੱਲ ਹੀ ਗਿਆ ਮੈਂ ਅੱਧੀਆਂ ਗੱਲਾਂ
ਜੋ ਮੈਂ ਆਪਣੇ ਦੋਸਤ ਨਾਲ
ਕਰਨ ਆਇਆ ਸੀ

ਜਾਣ ਲੱਗਿਆਂ
ਉੱਤਰਿਆ ਇਕ ਦਮ
ਛਾਲ ਮਾਰ ਕੇ ਸੋਫ਼ੇ ’ਤੋਂ
ਤੁਰਨ ਲੱਗਿਆ ਸਾਡੇ ਅੱਗੇ ਅੱਗੇ

ਗੇਟ ਤੇ ਮੇਰਾ ਦੋਸਤ
ਮੈਨੂੰ ਫਟਾਫਟ ਵਿਦਾ ਕਹਿ ਕੇ
ਉਸਨੂੰ ਅੰਦਰ ਵਾੜਨ ਲਈ
ਪੁਚਕਾਰਨ ਲੱਗਿਆ....

ਮੁੜਦੇ ਸਮੇਂ ਮੈਂ ਸੋਚ ਰਿਹਾ ਸਾਂ
ਕਿ ਮੈਂ ਆਪਣੇ ਦੋਸਤ ਨੂੰ
ਮਿਲ ਕੇ ਆਇਆ ਸਾਂ
ਜਾਂ ਕੁੱਤੇ ਨੂੰ ????

## ਦਰਦ ਦੀ ਪਰਿਭਾਸ਼ਾ

ਬਚਪਨ ਵਿੱਚ
ਅੱਧੀ ਰਾਤ ਜਦੋਂ ਅੱਖ ਖੁੱਲ੍ਹਦੀ
ਤਾਂ ਯਾਦ ਆ ਜਾਂਦਾ
ਜਮਾਤ ਦਾ ਖ਼ੂੰਖਾਰ ਅਧਿਆਪਕ ਬੁੱਧ ਸਿੰਘ
ਸਬਕ ਨਾ ਆਉਣ ਦਾ ਭੈਅ
ਰਹਿੰਦੀ ਰਾਤ ਬੇਚੈਨ ਕਰੀ ਰੱਖਦਾ

ਵੱਡੇ ਹੋਏ ਕੁਝ
ਅੱਧੀ ਰਾਤ ਅੱਖ ਖੁੱਲ੍ਹਦੀ
ਤਾਂ ਉਹ ਕੁੜੀਆਂ ਯਾਦ ਆਉਂਦੀਆਂ
ਸਕੂਲ ਵਿੱਚ ਪੜ੍ਹਦੀਆਂ
ਜੋ ਸੋਹਣੀਆਂ ਲੱਗਦੀਆਂ
ਉਨ੍ਹਾਂ ਦੇ ਖ਼ੂਬਸੂਰਤ ਚਿਹਰੇ
ਸੌਣ ਨਾ ਦਿੰਦੇ ਰਾਤ ਭਰ

ਜਵਾਨੀ ਵੇਲੇ
ਅੱਖ ਖੁੱਲ੍ਹਦੀ ਰਾਤ ਲੰਘੇ
ਤਾਂ ਕਦੇ ਰੁਜ਼ਗਾਰ ਦੀ ਚਿੰਤਾ
ਪਰਿਵਾਰ ਦੀਆਂ ਤੰਗੀਆਂ ਤੁਰਸ਼ੀਆਂ
ਰਹਿੰਦੀ ਰਾਤ
ਬੇਚੈਨ ਕਰੀ ਰੱਖਦੀਆਂ....

ਤੇ ਕਦੇ ਯਾਦ ਕਰਕੇ ਮੁਹੱਬਤਾਂ ਨੂੰ
ਖੁਸ਼ ਹੁੰਦੇ ਕਦੇ ਉਦਾਸ
ਸਾਰੀ ਰਾਤ ਉੱਡਦੇ ਰਹਿੰਦੇ
ਸੁਪਨਿਆਂ ਦੇ ਰਥ 'ਤੇ ਹੋ ਕੇ ਸਵਾਰ

ਅਧਖੜ੍ਹ ਉਮਰੇ
ਜਾਗ ਖੁੱਲ੍ਹ ਜਾਂਦੀ ਅਚਾਨਕ
ਤਾਂ ਬੱਚਿਆਂ ਦੇ ਭਵਿੱਖ ਦਾ ਫ਼ਿਕਰ
ਉਨ੍ਹਾਂ ਦੀ ਪੜ੍ਹਾਈ, ਰੁਜ਼ਗਾਰ
ਵਿਆਹ ਦੀ ਚਿੰਤਾ
ਬੇਚੈਨ ਕਰੀ ਰੱਖਦੀ

ਬੁਢਾਪੇ ਵਿੱਚ ਪੈਰ ਧਰਦਿਆਂ
ਪਹਿਲਾਂ ਤਾਂ ਨੀਂਦ ਆਉਂਦੀ ਹੀ ਬਹੁਤ ਮੁਸ਼ਕਿਲ
ਫੇਰ ਅੱਧ ਵਿਚਾਲੇ ਟੁੱਟਦੀ
ਮੈਂ ਹਾਇ ਕਹਿ ਕੇ ਪਾਸਾ ਪਰਤਦਾ
ਬੀਵੀ ਦੇ ਪੁੱਛਣ 'ਤੇ ਬੋਲਦਾ
ਮੋਢੇ ਵਿੱਚ ਚੀਸ ਪੈ ਰਹੀ
ਬਾਂਹ ਵਿੱਚ ਹੋ ਰਿਹਾ ਦਰਦ....

ਬੀਵੀ ਪਾਸਾ ਬਦਲਦੀ
ਹਾਇ ਕਰਦੀ
ਮੈਂ ਪੁੱਛਦਾ ਤਾਂ ਦੱਸਦੀ
ਲੱਤ ਦੀ ਚੜ੍ਹ ਗਈ ਨਾੜ
ਗੋਡੇ ਵਿੱਚ ਹੁੰਦੀ ਪੀੜ
ਪਾਸੇ ਬਦਲਦਿਆਂ
ਲੰਘ ਜਾਂਦੀ ਬਾਕੀ ਸਾਰੀ ਰਾਤ

ਹਰ ਉਮਰ ਵਿੱਚ ਹੀ
ਰਾਤ ਨੂੰ ਟੁੱਟ ਜਾਂਦੀ ਨੀਂਦ

ਪਰ ਹਰ ਉਮਰ ਵਿੱਚ
ਦਰਦ ਦੀ ਪਰਿਭਾਸ਼ਾ
ਵੱਖੋ ਵੱਖਰੀ ਹੁੰਦੀ।

## ਗੁਆਚੇ ਲੈਟਰਬਕਸ

ਪਹਿਲੀ ਮੁਹੱਬਤ ਯਾਦ ਆਉਂਦੀ
ਖ਼ਤਾਂ ਦੇ ਪਰਿੰਦੇ
ਉੱਡਦੇ ਜਾਂਦੇ ਉੱਡਦੇ ਆਉਂਦੇ
ਇੱਕ ਦੂਜੇ ਦਾ ਦੁਖ ਸੁਖ ਦੱਸਦੇ
ਹਾਲ ਸੁਣਾਉਂਦੇ

ਖ਼ਤਾਂ ਦੇ ਜਵਾਬ ਲਿਖ ਕੇ
ਜੇਬ ਵਿੱਚ ਲੁਕੋ
ਲੈ ਜਾਂਦੇ ਡਾਕਖਾਨੇ
ਮੂਹਰੇ ਲੱਗੇ ਲੈਟਰਬਕਸ ਵਿੱਚ
ਨਜ਼ਰਾਂ ਚੁਰਾ ਕੇ ਪਾਉਂਦੇ
ਉਡੀਕਾਂ ਕਰਦੇ
ਅੱਜ ਨਿਕਲੇਗਾ ਖ਼ਤ
ਅੱਜ ਰਾਹ ਵਿੱਚ ਹੋਵੇਗਾ
ਅੱਜ ਉਹ ਖ਼ਤ ਲਿਖੇਗੀ
ਪਾਵੇਗੀ ਡਾਕੇ
ਅੱਜ ਰਾਹ ਵਿੱਚ ਹੋਏਗਾ
ਅੱਜ ਆਏਗਾ.....

ਡਾਕੀਆ ਖ਼ਤ ਲਿਆਉਂਦਾ
ਉਸਦੇ ਹੱਥ ਚੁੰਮਣ ਨੂੰ ਜੀ ਕਰਦਾ
ਉਸ ਖ਼ਤ ਨੂੰ ਕਿੰਨੀ ਵਾਰ ਸੁੰਘਦੇ
ਕਿੰਨੀ ਵਾਰ ਉਸਦੇ
ਸ਼ਬਦਾਂ ਨੂੰ ਨਿਹਾਰਦੇ
ਹੌਲੀ ਹੌਲੀ ਉਸਨੂੰ
ਦਿਲ ’ਚ ਉਤਾਰਦੇ
ਸੰਭਾਲ ਸੰਭਾਲ ਰੱਖਦੇ

ਸਾਰੀ ਉਮਰ ਲੁਕੋ ਲੁਕੋ ਬੀਵੀ ਤੋਂ
ਛੁਪਾ ਕੇ ਬੱਚਿਆਂ ਤੋਂ
ਕਦੇ ਕਦੇ ਉਨ੍ਹਾਂ ਨੂੰ ਤੱਕਣਾ
ਉਨ੍ਹਾਂ ਦੀ ਖ਼ੁਸ਼ਬੂ ਨੂੰ ਸੁੰਘਣਾ ਚੰਗਾ ਚੰਗਾ ਲੱਗਦਾ

ਵੇਲਾ ਬਦਲਿਆ
ਕਿੰਨੀਆਂ ਤਕਨੀਕਾਂ ਆਈਆਂ ਗਈਆਂ
ਖ਼ਤਾਂ ਨੂੰ ਅਲੋਪ ਕਰਨ ਲਈ
ਫੇਰ ਆਏ ਮੋਬਾਈਲ
ਵਟਸਐਪ
ਮੁਹੱਬਤ ਦੇ ਸੰਦੇਸ਼ੇ
ਭੋਰਾ ਦੇਰ ਨਾ ਲੱਗਦੀ
ਇੱਕ ਦੂਜੇ ਦੇ ਫੋਨ 'ਚ ਉੱਡਦੇ ਜਾਂਦੇ

ਕਿੰਨੀਆਂ ਗੱਲਾਂ
ਕਿੰਨੇ ਅਹਿਸਾਸ
ਟਿਕ ਟਿਕ ਕਰਦੀਆਂ ਉਂਗਲਾਂ
ਇੱਕ ਦੂਏ ਕੋਲ ਘੱਲਦੀਆਂ
ਗੱਲ ਖ਼ਤਮ ਹੋਣ ਲੱਗਦੀ
ਤਾਂ ਦੂਜੇ ਪਾਸਿਓਂ
ਡੀਲੀਟ ਫਾਰ ਐਵਰੀਵਨ ਹੋ ਜਾਂਦੀ
ਪਲਾਂ ਵਿੱਚ ਸਭ ਕੁਝ ਮਿਟ ਜਾਂਦਾ

ਨਾ ਖ਼ਤਾਂ ਵਿਚਲੀ ਮਹਿਕ ਬਚਦੀ
ਨਾ ਅਹਿਸਾਸ ਨਾ ਸ਼ਬਦ
ਖਾਲੀ ਖਾਲੀ ਵਟਸਐਪ
ਬੇਕਾਰ ਪਏ ਲੈਟਰਬਕਸ
ਬਦਲੇ ਵਕਤ ਦੀ ਦਾਸਤਾਨ
ਬਿਆਨ ਕਰਦੇ....।

# ਪਾਰਕ ਵਿੱਚ ਰਿਟਾਇਰਡ ਬੁੱਢੇ

ਰੋਜ਼ ਨਿਸ਼ਚਿਤ ਸਮੇਂ 'ਤੇ
ਬਣ ਠਣ ਕੇ
ਪਾਰਕ ਵਿੱਚ ਆਹਮੋ ਸਾਹਮਣੇ ਪਏ
ਬੈਂਚਾਂ 'ਤੇ ਆ ਬਿਰਾਜਦੇ
ਰਿਟਾਇਰ ਹੋਏ ਬੁੱਢੇ

ਸਵੇਰ ਤੋਂ ਲੈ ਕੇ ਸ਼ਾਮ ਤੱਕ
ਘਰ ਦੇ ਜ਼ਰੂਰੀ ਅਤੇ ਬੇਲੋੜੇ ਕੰਮ ਕਰਦੇ
ਬੱਚਿਆਂ ਨੂੰ ਸਕੂਲ ਛੱਡਣ ਤੋਂ ਲੈ ਕੇ
ਬੱਚਿਆਂ ਨੂੰ ਸਕੂਲੋਂ ਲੈ ਕੇ ਆਉਣ ਤੱਕ
ਸਬਜ਼ੀ ਖਰੀਦਣ
ਬਿੱਲ ਭਰਨ
ਵੇਲੇ ਕੁਵੇਲੇ ਬਜ਼ਾਰ ਵਿੱਚੋਂ
ਕੋਈ ਵਸਤ ਲਿਆਉਂਦੇ
ਫਿਰ ਵੀ ਵਿਹਲੇ ਅਖਵਾਉਂਦੇ

ਨੂੰਹਾਂ ਪੁੱਤਾਂ ਦੀ ਖਿਝ ਦਾ ਸ਼ਿਕਾਰ ਬਣਦੇ
ਅਜੀਬ ਜਿਹੀ ਜ਼ਲਾਲਤ
ਆਪਣੇ ਪਿੰਡੇ 'ਤੇ ਜਰਦੇ
ਦੁਪਹਿਰੇ ਕੁਝ ਚਿਰ ਸੁਸਤਾਉਣ ਮਗਰੋਂ
ਸ਼ਾਮ ਨੂੰ ਪੂਰੇ ਪੰਜ ਵਜੇ
ਪਾਰਕ ਵਿੱਚ ਪਏ ਬੈਂਚਾਂ 'ਤੇ
ਆਣ ਸਜਦੇ ਬੁੱਢੇ

ਆਉਂਦੇ ਸ਼ਾਮ ਨੂੰ
ਉਹ ਇਸ ਤਰ੍ਹਾਂ ਸਜ ਧਜ ਕੇ
ਬੰਨ੍ਹ ਕੇ ਪੋਚਵੀਆਂ ਪੱਗਾਂ

ਚਿੱਟੀਆਂ ਕਾਟਵੀਆਂ ਦਾੜ੍ਹੀਆਂ
ਕਈ ਕਲਫ਼ ਲਾਈ
ਜਿਵੇਂ ਆਪਣੀ ਜਵਾਨੀ ਦੇ ਦਿਨਾਂ ਵਿੱਚ
ਉਹ ਪਹੁੰਚਦੇ ਸਨ
ਐਨ ਵਕਤ ਸਿਰ
ਆਪਣੀ ਨੌਕਰੀ 'ਤੇ

ਉਨ੍ਹਾਂ ਵਿੱਚੋਂ ਕਈ
ਵੱਡੇ ਵੱਡੇ ਅਹੁਦਿਆਂ ਤੋਂ ਰਿਟਾਇਰ
ਕੁਝ ਦਰਮਿਆਨੇ
ਤੇ ਹੇਠਲੇ ਦਰਜੇ ਦੇ
ਪਰ ਪਾਰਕ ਵਿੱਚ ਬੈਠਿਆਂ ਸਭ
ਇੱਕੋ ਜਿਹੇ ਹੋ ਜਾਂਦੇ ਉਹ
ਭੁੱਲ ਜਾਂਦੇ ਦਿਨ ਭਰ ਕੀਤੀ ਚਾਕਰੀ
ਨੂੰਹਾਂ ਪੁੱਤਾਂ ਵੱਲੋਂ ਹੁੰਦੀ ਬੇਕਦਰੀ

ਫਿਰ ਆਪਣੇ ਪੁਰਾਣੇ ਦਿਨਾਂ ਵਿੱਚ
ਪਰਤ ਜਾਂਦੇ ਉਹ
ਤੇ ਸੁਣਾਉਂਦੇ ਇੱਕ ਦੂਜੇ ਨੂੰ
ਆਪੋ ਆਪਣੇ ਕਿੱਸੇ
ਕਿੱਥੇ ਤੇ ਕਿਵੇਂ ਉਨ੍ਹਾਂ ਨੇ
ਆਪਣੇ ਨਾਲ ਕੰਮ ਕਰਦੇ
ਆਪਣੇ ਮਾਤਹਿਤਾਂ ਨੂੰ
ਆਪਣੇ ਤੋਂ ਵੱਡੇ
ਖੱਬੀਖਾਨਾਂ ਨੂੰ ਚਿੱਤ ਕੀਤਾ

ਉਨ੍ਹਾਂ ਦੀਆਂ ਅੱਖਾਂ
ਲਿਸ਼ਕ ਉਠਦੀਆਂ ਉਸ ਵੇਲੇ
ਕਦੇ ਕਦੇ ਸਮੇਂ ਦੀ

ਰਾਜਨੀਤੀ ਬਾਰੇ ਟਿੱਪਣੀਆਂ ਕਰਦੇ
ਉਹ ਕਿਸੇ ਮਾਹਿਰ ਰਾਜਨੀਤੀਵਾਨ ਦੀ ਤਰ੍ਹਾਂ
ਕਦੇ ਬਦਲਦੇ ਜ਼ਮਾਨੇ ਨੂੰ ਕੋਸਦੇ
ਨਵੀਂ ਪੀੜ੍ਹੀ 'ਚ ਨੁਕਸ ਕੱਢਦੇ
ਤੇ ਕਦੇ
ਆਪਣੀ ਜਵਾਨੀ ਦੇ ਦਿਨਾਂ ਵਿੱਚ
ਵਾਪਿਸ ਪਰਤ ਜਾਂਦੇ

ਦੋ ਘੰਟੇ ਬਾਅਦ
ਅਣਮਨੇ ਜਿਹੇ ਮਨ ਨਾਲ
ਥੱਕੇ ਟੁੱਟੇ ਸਰੀਰਾਂ ਨੂੰ ਘੜੀਸਦੇ
ਪਾਰਕ ਵਿੱਚੋਂ ਨਿਕਲਦੇ
ਘਰ ਜਾਣ ਲਈ

ਜਿੱਥੇ ਉਨ੍ਹਾਂ ਦੀਆਂ
ਪਤਨੀਆਂ, ਨੂੰਹਾਂ, ਪੁੱਤ-ਪੋਤੇ
ਨਿੱਕੇ ਨਿੱਕੇ ਕੰਮ ਕਰਵਾਉਣ ਲਈ
ਉਨ੍ਹਾਂ ਦੀ
ਉਡੀਕ ਕਰਦੇ ਹੁੰਦੇ।

## ਪਾਰਕ ਵਿੱਚ ਦੋ ਪ੍ਰੇਮੀ

ਰੋਜ਼ ਦੇਖਦਾ ਮੈਂ ਉਨ੍ਹਾਂ ਨੂੰ
ਪਾਰਕ ਵਿੱਚ
ਆਹਮੋ ਸਾਹਮਣੇ ਬੈਂਚਾਂ 'ਤੇ ਬੈਠੇ
ਉਹ ਕਦੇ ਵੀ ਇੱਕੋ ਬੈਂਚ 'ਤੇ
ਬੈਠੇ ਨਾ ਮਿਲਦੇ

ਇੱਕ ਬਜ਼ੁਰਗ ਆਦਮੀ
ਤੇ ਇੱਕ ਬਜ਼ੁਰਗ ਔਰਤ
ਰੋਜ਼ ਪਾਰਕ ਵਿੱਚ ਇੱਕ ਦੂਜੇ ਸਾਹਮਣੇ
ਬੈਂਚਾਂ 'ਤੇ ਆ ਬੈਠਦੇ ਖ਼ਾਮੋਸ਼
ਇੱਕ ਦੂਜੇ ਨੂੰ ਤੱਕਦੇ ਸਿਰਫ਼
ਕੁਝ ਬੋਲਦੇ ਵੀ ਨਹੀਂ
ਇੱਕ ਦੂਜੇ ਨਾਲ ਕੋਈ ਮਸ਼ਕਰੀ
ਜਾਂ ਮਜ਼ਾਕ ਵੀ ਨਹੀਂ
ਕਦੇ ਖੁੱਲ੍ਹ ਕੇ ਹੱਸਦੇ ਵੀ
ਨਹੀਂ ਦੇਖਿਆ ਉਨ੍ਹਾਂ ਨੂੰ
ਬੱਸ ਚੁੱਪਚਾਪ ਤੱਕਦੇ ਰਹਿੰਦੇ
ਇੱਕ ਦੂਜੇ ਨੂੰ
ਖ਼ਾਲੀ ਖ਼ਾਲੀ ਨਜ਼ਰਾਂ ਨਾਲ

ਬਹੁਤ ਚਿਰ ਮੈਂ
ਸਮਝਦਾ ਰਿਹਾ
ਪਤੀ ਪਤਨੀ ਉਨ੍ਹਾਂ ਨੂੰ
ਪਰ ਇੱਕ ਸ਼ਾਮ ਦੇਖਿਆ
ਪਾਰਕ ਤੋਂ ਬਾਹਰ ਨਿਕਲਦਿਆਂ
ਬੰਦਾ ਅੱਡ ਰਸਤੇ 'ਤੇ ਤੁਰ ਪਿਆ

ਔਰਤ ਅੱਡ ਰਾਹ ’ਤੇ

ਤਾਂ ਬਹੁਤ ਦਿਨ ਬਾਅਦ
ਸਮਝ ਪਿਆ ਮੈਨੂੰ
ਕਿ ਉਹ ਬਜ਼ੁਰਗ ਔਰਤ
ਤੇ ਬਜ਼ੁਰਗ ਆਦਮੀ
ਪੂਰਵ-ਪ੍ਰੇਮੀ ਸਨ
ਕਿਸੇ ਜਮਾਨੇ ਦੇ

ਸ਼ਾਮ ਨੂੰ ਦੋਵੇਂ
ਆਪੋ-ਆਪਣੇ ਘਰਾਂ ਦੀ
ਕੈਦ ਵਿੱਚੋਂ ਨਿਕਲ
ਪਾਰਕ ਵਿੱਚ
ਸੈਰ ਕਰਨ ਦੇ ਬਹਾਨੇ ਆਉਂਦੇ
ਇੱਕ ਦੂਜੇ ਦੇ ਸਾਹਮਣੇ ਬੈਠੇ
ਕੁਝ ਚਿਰ ਇੱਕ ਦੂਜੇ ਵੱਲ
ਖਾਮੋਸ਼ ਤੱਕਦੇ
ਬੀਤ ਚੁੱਕੇ ਦਿਨਾਂ ਨੂੰ ਜਿਉਂਦੇ

ਭਲਕ ਲਈ
ਜਿਉਣ ਜੋਗੀ ਊਰਜਾ ਇਕੱਠੀ ਕਰ
ਵਾਪਿਸ ਆਪਣੀ ਆਪਣੀ ਕੈਦ ਵਿੱਚ
ਪਰਤ ਜਾਂਦੇ।

## ਸਰਦੀ ਆਉਣ ਵਾਲੀ ਹੈ

ਸੜਕ ਦੇ ਕਿਨਾਰੇ
ਜਿੱਥੇ ਗਰਮੀਆਂ ਦੀ ਰੁੱਤੇ
ਗੰਨੇ ਦੇ ਰਸ ਦੀ ਰੇਹੜੀ
ਲੱਗਦੀ ਰਹੀ
ਤਿੱਖੜ ਦੁਪਹਿਰੇ
ਰੁਕਦੇ ਰਾਹੀ
ਰਸ ਪੀਂਦੇ
ਅਗਲੇ ਸਫ਼ਰ ਲਈ
ਖ਼ੁਦ ਨੂੰ ਤਿਆਰ ਕਰਦੇ

ਉਸੇ ਹੀ ਜਗ੍ਹਾ 'ਤੇ
ਥਾਂ ਨੂੰ ਬੁਹਾਰਿਆ ਸਵਾਰਿਆ
ਇੱਕ ਗਰੀਬ ਪਰਿਵਾਰ ਨੇ
ਲਿੱਪਿਆ ਪੋਚਿਆ
ਬਣਾਈ ਭੱਠੀ
ਇਕੱਠਾ ਕਰ ਰਹੇ ਬਾਲਣ
ਭੱਠੀ ਦੇ ਆਲੇ ਦੁਆਲੇ....

ਬੋਰੀ ਵਿਛਾ ਕੇ
ਲਾ ਦਿੱਤਾ ਅੱਗੇ
ਮੂੰਗਫਲੀ ਦਾ ਢੇਰ
ਸਜਾ ਦਿੱਤੀ ਕੜਾਹੀ
ਵਿੱਚ ਪਾ ਕੇ ਰੇਤ
ਮੂੰਗਫਲੀ ਭੁੰਨਣ ਦੇ ਲਈ....

ਇਹ ਦ੍ਰਿਸ਼ ਦੇਖ ਕੇ
ਪਤਾ ਲੱਗਿਆ ਮੈਨੂੰ
ਕਿ ਬਦਲਣ ਵਾਲਾ ਹੈ ਮੌਸਮ....

ਕਿ ਅਗ਼ਲੇ ਦਿਨਾਂ ਵਿਚ
ਪੋਲੇ ਪੈਰੀਂ
ਉਤਰਨ ਵਾਲੀ ਹੈ
ਸਰਦੀ....।

## ਪੁਰਾਣੇ ਸ਼ਹਿਰ 'ਚੋਂ ਲੰਘਦਿਆਂ

ਪੁਰਾਣੇ ਸ਼ਹਿਰਾਂ ਵਿੱਚ
ਜਿੱਥੇ ਬਿਤਾਏ ਹੁੰਦੇ
ਤੁਸੀਂ ਉਮਰ ਦੇ ਕੁਝ ਸਾਲ
ਪੁਰਾਣੀਆਂ ਸੜਕਾਂ
ਜਿਨ੍ਹਾਂ 'ਤੇ ਤੁਰੇ ਹੁੰਦੇ
ਤੁਸੀਂ ਕੁਝ ਕਦਮ
ਹਮਸਫ਼ਰਾਂ ਸੰਗ
ਪਰਤਦੇ ਜਦੋਂ ਵਰ੍ਹਿਆਂ ਮਗਰੋਂ
ਉਨ੍ਹਾਂ ਸੜਕਾਂ
ਉਨ੍ਹਾਂ ਸ਼ਹਿਰਾਂ ਵਿੱਚ
ਕਿੰਨਾ ਕੁਝ
ਯਾਦ ਆਉਣ ਲੱਗਦਾ
ਕਿੰਨਾ ਕੁਝ
ਤੁਹਾਡੀ ਉਂਗਲ ਫੜ ਕੇ
ਤੁਹਾਡੇ ਨਾਲ ਨਾਲ
ਤੁਰਨ ਲੱਗਦਾ....

ਬੀਤੇ ਸਾਲ
ਬੀਤੇ ਦਿਨ
ਬੀਤੇ ਪਲ
ਝੁਰਮਟ ਪਾ ਲੈਂਦੇ
ਤੁਹਾਡੇ ਚਾਰੋ ਪਾਸੇ
ਬੌਡੀਗਾਰਡਾਂ ਵਾਂਗ ਘੇਰ ਲੈਂਦੇ
ਤੁਹਾਡੇ ਆਲੇ ਦੁਆਲੇ
ਘੇਰਾ ਬਣਾ ਕੇ ਤੁਰਨ ਲੱਗਦੇ

ਏਨੀ ਨੇੜੇ ਹੁੰਦੇ ਉਹ ਤੁਹਾਡੇ

ਕਿ ਤੁਸੀਂ ਛੂਹ ਸਕਦੇ
ਉਨ੍ਹਾਂ ਨੂੰ
ਮਹਿਸੂਸ ਕਰ ਸਕਦੇ
ਉਨ੍ਹਾਂ ਦੀ ਹੋਂਦ...

ਉਹ ਲੈ ਜਾਂਦੇ
ਤੁਹਾਨੂੰ ਭੁੱਲ ਚੁੱਕੀਆਂ ਥਾਵਾਂ 'ਤੇ
ਅਤੀਤ ਦੇ ਉਨ੍ਹਾਂ ਟਿਕਾਣਿਆਂ 'ਤੇ ਵੀ
ਜਿਹੜੇ ਤੁਹਾਡੇ
ਚੇਤਨ ਮਨ ਵਿੱਚੋਂ ਵਿਸਰ ਚੁੱਕੇ ਹੁੰਦੇ
ਪਰ ਕਿਤੇ ਨਾ ਕਿਤੇ
ਤੁਹਾਡੇ ਅਵਚੇਤਨ ਵਿਚ ਜਿਉਂਦੇ
ਅੱਜ ਵੀ ਉਸੇ ਤਰ੍ਹਾਂ

ਪੁਰਾਣੇ ਸ਼ਹਿਰਾਂ ਦੀਆਂ
ਸੜਕਾਂ ਤੋਂ ਗੁਜ਼ਰਦਿਆਂ
ਤੁਸੀਂ ਆਪਣੇ ਵਿਸਰ ਚੁੱਕੇ ਅਤੀਤ ਨੂੰ
ਇਕ ਵਾਰ ਫਿਰ ਤੋਂ ਜਿਊਣ ਲੱਗਦੇ....
ਫੇਰ ਤੁਸੀਂ
ਵਕਤ ਦੇ ਉਸ ਟਾਈਮ-ਜ਼ੋਨ ਵਿੱਚ
ਪਰਤ ਜਾਂਦੇ
ਜੋ ਤੁਹਾਡੇ ਅਵਚੇਤਨ ਮਨ ਦੇ
ਕਿਸੇ ਕੋਨੇ ਵਿੱਚ ਅਜੇ ਵੀ
ਉਸੇ ਤਰ੍ਹਾਂ
ਜਿਉਂਦਾ ਜਾਗਦਾ।

## ਸਭ ਦੇ ਹਿੱਸੇ ਨਹੀਂ

ਸਭ ਦੇ ਹਿੱਸੇ
ਨਹੀਂ ਆ ਸਕਿਆ
ਪਿਆਰ ਮੇਰਾ....

ਕੁਝ ਕੁ ਨੇ ਕੀਤਾ
ਪਿਆਰ ਮੇਰੀਆਂ ਕਵਿਤਾਵਾਂ ਨਾਲ
ਤੇ ਪਾਲ ਲਿਆ ਭਰਮ
ਮੇਰੇ ਨਾਲ ਪਿਆਰ ਦਾ....

ਕੁਝ ਕੁ ਨੇ
ਸ਼ੁਹਰਤ ਮੇਰੀ ਨਾਲ
ਰਚਾ ਲਈ ਮੁਹੱਬਤ
ਅਤੇ ਰਚ ਲਿਆ ਵਹਿਮ
ਮੇਰੇ ਨਾਲ ਮੁਹੱਬਤ ਦਾ....

ਕੁਝ ਨੇ ਕੀਤੀ
ਈਰਖਾ ਮੇਰੇ ਨਾਲ
ਤੇ ਨਫ਼ਰਤ ਦੇ ਦੂਜੇ ਪਾਸੇ ਨੂੰ ਹੀ
ਸਮਝ ਲਿਆ ਪਿਆਰ....

ਕੁਝ ਕੁ ਨੇ ਕੀਤੀ
ਮੇਰੇ ਦੁੱਖਾਂ ਨਾਲ ਹਮਦਰਦੀ
ਤੇ ਰਚਾ ਲਿਆ ਭਰਮ
ਮੇਰੇ ਨਾਲ ਮੁਹੱਬਤ ਦਾ....

ਕੁਝ ਨੇ ਜਿਸਮ ਨੂੰ

ਮੰਨ ਕੇ ਮੱਕਾ
ਕੀਤੀ ਇਬਾਦਤ
ਤੇ ਸਮਝ ਲਿਆ ਇਸਨੂੰ
ਇਸ਼ਕ....

ਰੂਹ ਤੱਕ ਤਾਂ ਪਹੁੰਚਿਆ
ਬੱਸ ਕੋਈ ਵਿਰਲਾ ਟਾਵਾਂ ਹੀ
ਕਿਸੇ ਕਿਸੇ ਨੇ ਹੀ ਧਰਿਆ
ਮਨ ਦੀ
ਨੋ ਮੈਨਜ਼ ਲੈਂਡ 'ਤੇ ਕਦਮ

ਜਿਸ ਨੇ ਛੇੜੀਆਂ
ਰੂਹ ਦੀਆਂ ਤਰਬਾਂ
ਤੇ ਕਰ ਦਿੱਤਾ ਮੈਨੂੰ
ਉਮਰ ਭਰ ਲਈ
ਉਦਾਸ।

## ਆਪਣੇ ਕੰਠ ਅੰਦਰ

ਕਿਸੇ ਨੂੰ ਕੁਝ ਨਹੀਂ ਕਿਹਾ
ਆਪਣੇ ਹੀ ਕੰਠ ਅੰਦਰ
ਭਰ ਲਿਆ ਸਾਰਾ ਜ਼ਹਿਰ

ਪੀੜ ਸਾਰੀ
ਖ਼ੁਦ ਹੀ ਸਮੇਟ ਲਈ
ਕੁਝ ਤਨ ’ਤੇ
ਕੁਝ ਮਨ ’ਤੇ
ਜ਼ਖਮ ਸਾਰੇ ਲੈ ਲਏ
ਆਪਣੇ ਜਿਸਮ ’ਤੇ
ਤੇ ਉੱਪਰੋਂ ਲਪੇਟ ਲਈ
ਕੰਬਲੀ ਕਾਲੀ

ਕਿਸੇ ਨੂੰ ਕੁਝ ਨਹੀਂ ਕਿਹਾ
ਹਰ ਕੋਈ ਆਪਣੇ ਆਪਣੇ
ਹਿੱਸੇ ਦੀ ਸਲੀਬ
ਮੇਰੇ ਮੋਢੇ ’ਤੇ
ਰੱਖ ਕੇ ਤੁਰ ਜਾਂਦਾ ਰਿਹਾ

ਮੈਂ ਮਸੀਹਾ ਤਾਂ ਨਹੀਂ ਸੀ
ਪਰ ਹਰ ਰਾਤ
ਲਟਕਦਾ ਰਿਹਾ ਮੈਂ
ਬੇਗਾਨੀਆਂ ਸਲੀਬਾਂ ’ਤੇ....

ਕਿਸੇ ਨੂੰ ਕੁਝ ਨਹੀਂ ਕਿਹਾ
ਭਰ ਲਿਆ ਦਰਦ ਸਾਰਾ

ਆਪਣੇ ਸੀਨੇ ਅੰਦਰ
ਖਾਮੋਸ਼ ਕਾਲੀਆਂ ਰਾਤਾਂ ਨੂੰ
ਕਤਰਾ ਕਤਰਾ ਪਿਘਲਦਾ ਰਿਹਾ
ਅੱਗ ਦੇ ਬਿਸਤਰ ’ਤੇ
ਸ਼ਬਦਾਂ ਨੂੰ ਹਿੱਕੜੀ ’ਚ ਦੱਬੀ
ਵਗਦਾ ਰਿਹਾ ਅੱਥਰੂ ਬਣਕੇ

ਕਿਸੇ ਨੂੰ ਕੁਝ ਨਹੀਂ ਕਿਹਾ
ਆਪਣੇ ਹੀ ਕੰਠ ਅੰਦਰ
ਭਰ ਲਿਆ ਜ਼ਹਿਰ ਸਾਰਾ
ਤੇ ਦਿੰਦਾ ਰਿਹਾ
ਉਦਾਸ
ਨੀਲੀਆਂ ਨਜ਼ਮਾਂ ਨੂੰ
ਜਨਮ।

## ਆਪਣੇ ਆਪ ਨਾਲ ਰਹਿਣਾ

ਹਜ਼ਾਰਾਂ ਲੋਕਾਂ ਨਾਲ ਰਹਿੰਦਾ
ਸਾਰੀ ਜ਼ਿੰਦਗੀ 'ਚ ਆਦਮੀ
ਬਸ ਆਪਣੇ ਆਪ ਨਾਲ
ਨਹੀਂ ਰਹਿੰਦਾ

ਬਚਪਨ ਤੋਂ ਲੈ ਕੇ
ਜਵਾਨੀ ਤੱਕ
ਜਵਾਨੀ ਤੋਂ ਬੁਢਾਪੇ ਤੱਕ
ਬੁਢਾਪੇ ਤੋਂ ਮਰਨ ਤੀਕ
ਮਾਂ ਪਿਓ ਭੈਣ ਭਰਾ
ਪ੍ਰੇਮਿਕਾ ਪਤਨੀ
ਯਾਰ ਦੋਸਤ
ਪੁੱਤ ਪੋਤੇ ਦੋਹਤੇ ਦੋਹਤੀਆਂ
ਕਿੰਨਿਆਂ ਲੋਕਾਂ ਨਾਲ
ਰਹਿੰਦਾ ਆਦਮੀ
ਬਸ ਆਪਣੇ ਆਪ ਨਾਲ
ਨਹੀਂ ਰਹਿੰਦਾ....

ਕਿੰਨੀਆਂ ਸੋਚਾਂ
ਕਿੰਨੇ ਸੁਪਨੇ
ਕਿੰਨੇ ਖ਼ਿਆਲ
ਕਿੰਨਾ ਇਤਿਹਾਸ
ਕਿੰਨਾ ਮਿਥਿਹਾਸ
ਕਿੰਨੇ ਦਰਸ਼ਨ
ਕਿੰਨੇ ਵਲਵਲੇ ਦੁਨੀਆ ਦੇ
ਸਾਰੀ ਦੁਨੀਆਂ ਨਾਲ
ਰਹਿੰਦਾ ਆਦਮੀ

ਬਸ ਆਪਣੇ ਆਪ ਨਾਲ
ਨਹੀਂ ਰਹਿੰਦਾ

ਆਪਣੇ ਆਪ ਨਾਲ ਰਹਿਣਾ
ਆਪਣੇ ਆਪ ਨਾਲ ਜਿਉਣਾ
ਦੁਨੀਆਂ ਦਾ
ਸਭ ਤੋਂ ਦੁਰਲਭ ਸੁਖ

ਪਰ ਬੰਦਾ
ਸਾਰੀ ਉਮਰ
ਕਦੇ ਵੀ
ਆਪਣੇ ਆਪ ਨਾਲ
ਨਹੀਂ ਰਹਿੰਦਾ।

## ਦੂਰੋਂ ਦੂਰੋਂ

ਦੂਰੋਂ ਦੇਖਿਆਂ ਸੋਹਣਾ ਲੱਗਦਾ ਸੂਰਜ
ਨੇੜੇ ਗਿਆਂ ਸੇਕ ਜਿਸਮ ਲੂਹ ਦਿੰਦਾ

ਦੂਰੋਂ ਦੇਖਿਆਂ
ਹਿਲੋਰੇ ਖਾਂਦੀਆਂ ਲਹਿਰਾਂ
ਝੂਮਦਾ ਸਮੁੰਦਰ
ਕੋਲ ਗਿਆਂ ਆਪਣੇ
ਆਗੋਸ਼ ਵਿੱਚ ਸਮਾ ਲੈਂਦਾ

ਦੂਰੋਂ ਦੂਰੋਂ ਸੋਹਣੀ ਲੱਗਦੀ ਅਗਨ
ਕੋਲ ਗਿਆਂ
ਲੂਹ ਦਿੰਦੀ ਜਿਸਮ ਸਾਰਾ

ਦੂਰੋਂ ਦੇਖਿਆਂ ਸੋਹਣਾ ਲੱਗਦਾ ਚੰਦਰਮਾ
ਕੋਲ ਗਿਆਂ
ਦਾਗਾਂ ਦਾ ਭਰਿਆ ਵਜੂਦ

ਦੂਰੋਂ ਦੂਰੋਂ ਸੋਹਣੀਆਂ ਲੱਗਦੀਆਂ ਕਵਿਤਾਵਾਂ
ਦਿਲ ਨੂੰ ਧੂਹ ਪਾਉਂਦੀਆਂ
ਕੋਲ ਗਿਆਂ
ਕਵੀ ਅਵਗੁਣਾਂ ਨਾਲ ਭਰਿਆ

ਦੁਨੀਆਂ ਵਿੱਚ ਜੋ ਵੀ ਸੋਹਣਾ
ਸਭ ਦੂਰੋਂ ਦੂਰੋਂ ਸੋਹਣਾ
ਕੋਲ ਗਿਆਂ
ਟੁੱਟ ਜਾਂਦੇ ਭਰਮ ਸਾਰੇ।

## ਇੱਕ ਸਫ਼ਲ ਬੁੱਧੀਜੀਵੀ

ਉਸ ਦੇ ਅੰਦਰੋਂ ਮਾਰਕਸ ਬੋਲਦਾ
ਤੇ ਕਦੇ ਉਸਦੇ ਅੰਦਰੋਂ ਫਰਾਇਡ ਬੋਲਣ ਲੱਗਦਾ
ਕਦੇ ਉਸ ਅੰਦਰੋਂ ਲੈਨਿਨ ਤਕਰੀਰਾਂ ਕਰਦਾ
ਤੇ ਮੌਕਾ ਪੈਣ ’ਤੇ ਉਹ
ਹਿਟਲਰ ਨੂੰ ਵੀ ਡੀਕੋਡ ਕਰਦਾ

ਉਹ ਸੱਤਾ ਦਾ ਸੁਖ ਵੀ ਮਾਣਦਾ
ਤੇ ਵਿਦਰੋਹੀ ਵੀ ਕਹਾਉਂਦਾ
ਸਟੇਜਾਂ ਉੱਤੇ ਉਹ ਆਪਣੀ ਭਾਸ਼ਾ ਦੇ
ਹੱਕ ਵਿੱਚ ਭਾਸ਼ਣ ਦਿੰਦਾ
ਪਰ ਆਪਣੇ ਬੱਚਿਆਂ ਨੂੰ
ਅੰਗਰੇਜ਼ੀ ਸਕੂਲਾਂ ਵਿੱਚ
ਤਾਲੀਮ ਦਿਵਾਉਂਦਾ

ਸਟੇਜਾਂ ’ਤੇ ਨੌਜਵਾਨਾਂ ਦੇ
ਵਿਦੇਸ਼ ਜਾਣ ਦਾ
ਵਿਰੋਧ ਕਰਦਾ
ਸਭਿਆਚਾਰ ਤੇ ਭਾਸ਼ਾ ਦੇ
ਮਰਨ ਦੀਆਂ ਦਲੀਲਾਂ ਘੜਦਾ
ਪਰ ਆਪਣੇ ਬੱਚਿਆਂ ਨੂੰ
ਬਾਹਰ ਮੁਲਕਾਂ ਵਿੱਚ ਸਥਾਪਿਤ
ਕਰਨ ਲਈ
ਰੋਜ਼ ਰਾਤ ਨੂੰ ਘੰਟਿਆਂ ਬੱਧੀ
ਵਿਦੇਸ਼ ਵੱਸਦੇ ਲੇਖਕਾਂ ਦੀ
ਚਾਪਲੂਸੀ ਕਰਦਾ

ਗਰੀਬਾਂ ਦੇ ਹੱਕ ਵਿੱਚ ਤਕਰੀਰਾਂ ਕਰਦਾ
ਤਾਂ ਅਸਮਾਨ ਨੂੰ ਵੀ ਟਾਕੀਆਂ ਲਾ ਆਉਂਦਾ
ਪਰ ਉਸੇ ਹੀ ਸ਼ਾਮ
ਸੱਤਾਧਾਰੀਆਂ ਦੇ ਪੈਰਾਂ ਵਿੱਚ ਬੈਠਾ
ਮਦਿਰਾ ਦੇ ਪੈੱਗ ਲਾਉਂਦਾ

ਉਸਦੇ ਅੰਦਰੋਂ ਹਜ਼ਰਤ, ਈਸਾ,
ਮਾਰਕਸ, ਲੈਨਿਨ, ਹਿਟਲਰ, ਫ਼ਰਾਇਡ
ਸਭ ਵਕਤ ਵਕਤ 'ਤੇ ਬੋਲਦੇ

ਜੇ ਨਹੀਂ ਬੋਲਦਾ
ਤਾਂ ਆਪਣੇ ਆਪ ਵਿੱਚੋਂ
ਉਹ ਆਪ ਨਹੀਂ ਬੋਲਦਾ।

## ਖਿਝਿਆ ਹੋਇਆ ਆਦਮੀ

ਉਹ ਚਿੱਟੇ 'ਤੇ ਹੀ ਨਹੀਂ
ਕਾਲ਼ੇ 'ਤੇ ਵੀ ਖਿਝ ਉੱਠਦਾ
ਰਾਤ 'ਤੇ ਹੀ ਨਹੀਂ
ਦਿਨ 'ਤੇ ਵੀ ਖਿਝ ਉੱਠਦਾ
ਝੂਠ 'ਤੇ ਤਾਂ ਖਿਝਦਾ
ਸੱਚ 'ਤੇ ਵੀ ਖਿਝ ਉੱਠਦਾ
ਦੁਸ਼ਮਣਾਂ 'ਤੇ ਤਾਂ ਖਿਝਦਾ
ਦੋਸਤਾਂ 'ਤੇ ਵੀ ਖਿਝ ਉੱਠਦਾ

ਉਹ ਹਨ੍ਹੇਰੇ 'ਤੇ ਹੀ ਨਹੀਂ
ਚਾਨਣ 'ਤੇ ਵੀ ਖਿਝ ਉੱਠਦਾ
ਧੁੱਪ 'ਤੇ ਹੀ ਨਹੀਂ
ਛਾਂ 'ਤੇ ਵੀ ਖਿਝ ਉੱਠਦਾ
ਅਮੀਰਾਂ 'ਤੇ ਹੀ ਨਹੀਂ
ਗਰੀਬਾਂ 'ਤੇ ਵੀ ਖਿਝ ਉੱਠਦਾ

ਗੱਲਾਂ ਕਰਦਾ ਤਾਂ ਬੋਲਣ 'ਤੇ ਖਿਝ ਉੱਠਦਾ
ਖਾਮੋਸ਼ ਹੁੰਦਾ ਤਾਂ ਚੁੱਪ 'ਤੇ ਖਿਝ ਉੱਠਦਾ

ਅੱਜ ਦੇ ਦੌਰ ਦਾ
ਉਹ ਖਿਝਿਆ ਹੋਇਆ ਆਦਮੀ
ਆਪਣੀ ਹੀ ਅਗਨ ਅੰਦਰ
ਕੁਝ ਇਸ ਤਰ੍ਹਾਂ
ਰਿੱਝਿਆ ਹੋਇਆ ਸੀ
ਉਹ ਕਿਸੇ ਹੋਰ ਤੋਂ ਨਹੀਂ
ਦਰਅਸਲ ਆਪਣੇ ਆਪ ਤੋਂ ਹੀ
ਖਿਝਿਆ ਹੋਇਆ ਸੀ।

## ਬੂਟੇ

ਲੋਕ ਆਖਦੇ ਨੇ
ਇਹ ਬੂਟੇ ਤੇਰੇ ਹੀ ਲਾਏ ਨੇ
ਜਿਨ੍ਹਾਂ ਦੇ ਥੱਲੇ ਬੈਠੇ
ਸਿਰਾਂ ਦੇ ਉੱਤੇ ਧੜ ਨਹੀਂ ਰਹਿੰਦਾ
ਇਨ੍ਹਾਂ ਦੇ ਫੁੱਲ ਜ਼ਹਿਰੀਲੇ
ਕਿ ਜਾਨ ਦਾ ਖੌਅ ਬਣ ਜਾਂਦੇ
ਇਨ੍ਹਾਂ ਦੇ ਹੇਠ ਵਗਦੀ
ਪੌਣ ਦੇ ਨਾਲ ਸਾਹ ਘੁੱਟਦਾ ਹੈ

ਪਰ
ਮੈਂ ਕਦੋਂ ਸਾਂ ਜਾਣਦਾ
ਸੱਚਮੁੱਚ ਨਹੀਂ ਸਾਂ ਜਾਣਦਾ
ਕਿ ਇਹ ਬੀਜ ਜੋ ਮੈਂ
ਬੀਜ ਰਿਹਾਂ ਧਰਤੀ ਦੇ ਵਿੱਚ
ਜਦ ਵਧਦੇ ਵਧਦੇ ਦਿਨ ਕਿਸੇ
ਇਹ ਬਿਰਖ ਬਣਨਗੇ
ਇਨ੍ਹਾਂ ਦੀ ਟਹਿਣੀ
ਬਣੇਗੀ ਨਾ ਬੰਸਰੀ
ਨਾ ਕੋਈ ਰਬਾਬ
ਬਣਨਗੀਆਂ ਸ਼ਾਖਾਵਾਂ ਇਨ੍ਹਾਂ ਦੀਆਂ
ਤੀਰ ਜ਼ਹਿਰ ਵਿੱਚ ਬੁਝੇ
ਟੰਗਣਗੇ ਜੋ ਸੂਲੀ ’ਤੇ
ਮਾਸੂਮ ਅਣਭੋਲੇ ਜਿਹੇ ਖਾਬ

ਮੈਂ ਤਾਂ ਏਹੋ ਸੋਚ ਕੇ
ਧਰਤੀ ਦੇ ਵਿੱਚ
ਕੁਝ ਬੀਜ ਬੀਜੇ ਸਨ

ਕਿ ਇਹ ਬੀਜ ਜਦੋਂ ਕਦੇ ਵੀ
ਸਾਵੇ ਬਿਰਖ ਬਣਨਗੇ
ਇਹ ਬਣਨਗੇ ਕਿਸੇ
ਨਿਥਾਵੇਂ ਦੇ ਲਈ ਛਾਂ
ਪਰਿੰਦਿਆਂ ਦੇ ਲਈ
ਬਣਨਗੇ ਇਹ ਆਲ੍ਹਣਾ
ਬਣਨਗੇ ਇਹ ਆਖ਼ਿਰ
ਬੰਦਿਆਂ ਦੀਆਂ ਬਾਹਵਾਂ ਬਣਨਗੇ
ਤਲਖ ਧੁੱਪਾਂ ਵਿੱਚ
ਠੰਡੀਆਂ ਛਾਵਾਂ ਬਣਨਗੇ
ਮੈਂ ਤਾਂ ਬੱਸ ਏਹ ਸੋਚ ਕੇ
ਕੁਝ ਬੀਜ ਬੀਜੇ ਸਨ

ਮੈਂ ਨਹੀਂ ਸਾਂ ਜਾਣਦਾ
ਸੱਚਮੁੱਚ ਨਹੀਂ ਸਾਂ ਜਾਣਦਾ
ਕਿ ਬੀਜ ਅੰਦਰ ਲੁਪਤ ਹੈ
ਉਹ ਬਿਰਖ ਜਿਹੜਾ
ਕਿਹੋ ਜਿਹੀ ਜ਼ਹਿਰੀਲੀ ਹੈ
ਉਸਦੀ ਤਾਸੀਰ
ਮਹਿਕਦੇ ਫੁੱਲਾਂ ਦੀ ਥਾਂ ਫੁੱਟ ਪੈਣਗੇ
ਬੀਜਾਂ ਅੰਦਰੋਂ ਏਹ
ਜ਼ਹਿਰ-ਬੁਝੇ ਤੀਰ

ਮੈਂ ਨਹੀਂ ਸਾਂ ਜਾਣਦਾ
ਸੱਚਮੁੱਚ ਨਹੀਂ ਸਾਂ ਜਾਣਦਾ।

## ਕੁੜੀਆਂ

ਬਚਪਨ ਤੋਂ ਜੋਬਨ ਦਾ ਪੁਲ
ਪਾਰ ਕਰਦੀਆਂ
ਕਿਵੇਂ ਚਿੜੀਆਂ ਵਾਂਗੂੰ
ਚਹਿਕ ਰਹੀਆਂ ਨੇ
ਕੁੜੀਆਂ

ਘਰ ਵਿੱਚ
ਦੱਬੇ ਪੈਰੀਂ ਤੁਰਦੀ
ਭੁੱਖ ਤੋਂ ਬੇਖ਼ਬਰ
ਪਿਓ ਦੀ ਗੁਰਬਤ ਤੋਂ
ਅਨਜਾਣ
ਸਕੂਲ ਵਿੱਚ ਕੁੜੀਆਂ ਦੇ
ਨਾਂ ਕੁਨਾਂ ਧਰਦੀਆਂ
ਚਿੜੀਆਂ ਵਾਂਗੂੰ ਲਗਦੀਆਂ ਨੇ
ਕੁੜੀਆਂ
ਹੁਣੇ ਉੱਡਣ ਲਈ
ਪਰ ਤੋਲਦੀਆਂ....

ਹੋਰ ਦੋ ਚਾਰ ਵਰ੍ਹਿਆਂ ਨੂੰ
ਸਖੀਆਂ ਦੇ ਝੁੰਡ 'ਚ ਘਿਰੀਆਂ
ਸੂਹੇ ਸਾਲੂ 'ਚ ਲਿਪਟੀਆਂ
ਸਹੁਰੇ ਘਰ ਜਾਣਗੀਆਂ ਕੁੜੀਆਂ
ਕੀ ਬਚਾ ਕੇ ਰੱਖ ਸਕਣਗੀਆਂ ਉਹ
ਆਪਣੀ ਤਿਤਲੀਆਂ ਜਿਹੀ ਸ਼ੋਖੀ
ਤੇ ਇਹ ਗੁਲਾਬੀ ਜਿਹੀ ਮੁਸਕਾਨ

ਗ੍ਰਹਿਸਥ ਦੀਆਂ ਤਮਾਮ
ਜ਼ਿੰਮੇਵਾਰੀਆਂ ਦੇ ਵਿਚਕਾਰ
ਕੀ ਬਚੀ ਰਹਿ ਸਕੇਗੀ ?
ਉਨ੍ਹਾਂ ਦੀ ਸਾਰੀ
ਮਾਸੂਮੀਅਤ....

ਕਿਵੇਂ ਬੇਖ਼ਬਰ
ਆਉਣ ਵਾਲੇ ਵਰ੍ਹਿਆਂ ਤੋਂ
ਚਿੜੀਆਂ ਵਾਂਗੂ
ਚਹਿਕ ਰਹੀਆਂ ਨੇ
ਕੁੜੀਆਂ।

## ਅੱਜ ਕੱਲ੍ਹ

ਅੱਜ ਕੱਲ੍ਹ
ਉਹ ਕੁੜੀ
ਉੱਡੀ ਉੱਡੀ ਫਿਰਦੀ ਹੈ
ਉਸਦੀਆਂ ਝੀਲ ਵਰਗੀਆਂ
ਅੱਖਾਂ ਵਿੱਚ
ਹਜ਼ਾਰਾਂ ਜੁਗਨੂੰ ਜਗਮਗ ਕਰਦੇ
ਕਿੰਨੇ ਸੁਪਨੇ ਸਤਰੰਗੀ ਨੇ
ਡੁੱਬਦੇ ਤਰਦੇ

ਉਸਦੇ ਸਿਆਹ ਵਾਲਾਂ ਵਿੱਚ
ਕਿੰਨੀਆਂ ਤਿਤਲੀਆਂ
ਉੱਡਦੀਆਂ ਫਿਰਦੀਆਂ
ਉਸਦੇ ਮੱਥੇ 'ਚੋਂ
ਕਿੰਨੀਆਂ ਰੰਗ ਬਰੰਗੀਆਂ
ਕਿਰਨਾਂ ਕਿਰਦੀਆਂ
ਉਹ ਗੱਲਾਂ ਕਰਦੀ
ਤਾਂ ਡੁੱਲ੍ਹ ਡੁੱਲ੍ਹ ਪੈਂਦੀ
ਹੱਸਦੀ ਤਾਂ ਜਿਵੇਂ ਝਰਨੇ ਫੁੱਟਦੇ
ਜਿੱਥੋਂ ਲੰਘਦੀ
ਤਾਂ ਪੌਣ ਮਹਿਕਣ ਲੱਗਦੀ...

ਨੀਲੀ ਝੀਲ ਜਿਹੀਆਂ
ਅੱਖਾਂ ਵਾਲੀ ਉਹ ਕੁੜੀ
ਅੱਜ ਕੱਲ੍ਹ
ਕਿਸੇ ਦੇ ਪਿਆਰ ਵਿੱਚ
ਧੁਰ ਤੀਕ ਡੁੱਬੀ ਪਈ ਹੈ।

## ਦੱਸ

ਮੇਰੇ ਦਿਲ ਵਿੱਚ ਜਾਣਨ ਦੀ
ਇਹ ਬਹੁਤ ਹੀ ਹਸਰਤ
ਦੱਸ ਤੂੰ ਮੈਨੂੰ ਪਿਆਰ ਕਰੇਂ
ਜਾਂ ਕਰਦੀ ਨਫ਼ਰਤ

ਜਦ ਅੰਤਾਂ ਦੇ ਪਿਆਰ 'ਚ
ਡੁੱਬ ਕੇ ਗੱਲਾਂ ਕਰਦੀ
ਹਉਕੇ ਭਰਦੀ
ਮੁੜ ਮੁੜ ਮਿਲਣ ਲਈ
ਤਰਲੇ ਕਰਦੀ
ਅਚਨਚੇਤ ਪਰ
ਨਿੱਕੀ ਜਿਹੀ ਗੱਲ ਕਿਸੇ ਤੋਂ
ਲੜ ਪੈਂਦੀ ਏਂ
ਰੁੱਸ ਜਾਂਦੀ ਏਂ
ਇਉਂ ਕਿ ਮੁੜ ਕੇ
ਫਿਰ ਨਹੀਂ ਮੰਨਣਾ....

ਉਸ ਵੇਲੇ
ਤੇਰੇ ਨੈਣੀਂ ਤੱਕਿਆ
ਤੇਰੀਆਂ ਨਜ਼ਰਾਂ ਵਿੱਚ
ਉਸ ਵੇਲੇ
ਮੈਂ ਦੁਨੀਆਂ ਦਾ ਸਭ ਤੋਂ ਭੈੜਾ
ਮਰਦ ਹਾਂ ਹੁੰਦਾ
ਤੇਰੇ ਹੋਠਾਂ ਵਿੱਚੋਂ ਨਿਕਲਿਆ
ਠੰਡਾ ਹਾਉਕਾ
ਸਰਦ ਹਾਂ ਹੁੰਦਾ

ਪਰ
ਜਦ ਮੈਂ ਦੂਰ ਜਾਣ ਦੀ ਸੋਚਾਂ
ਗੂੜ੍ਹਾ ਹੁੰਦਾ ਆਪਣਾ ਰਿਸ਼ਤਾ
ਮੁਹੱਬਤ ਕੁਝ ਘਟਾਣ ਦੀ ਸੋਚਾਂ
ਉਸ ਵੇਲੇ ਤੂੰ
ਆਪਣੇ ਦਿਲ ਵਿੱਚ
ਦੁਨੀਆਂ ਦੀ ਮੁਹੱਬਤ ਭਰ ਕੇ
ਮੇਰਾ ਹੱਥ ਹੱਥਾਂ ਵਿੱਚ ਫੜ ਕੇ
ਘੁੱਟ ਘੁੱਟ ਕੇ ਇਉਂ
ਪਿਆਰ ਜਤਾਵੇਂ
ਮੁਹੱਬਤ ਦੀ ਕੋਈ ਦੇਵੀ ਜਿੱਦਾਂ
ਪਿਆਰ ਭਰੀ ਮੂਰਤ ਬਣ ਜਾਵੇਂ

ਦੱਸ
ਤੂੰ ਮੈਨੂੰ ਪਿਆਰ ਕਰੇਂ
ਜਾਂ ਕਰਦੀ ਨਫ਼ਰਤ
ਕਿਉਂਕਿ ਮੈਂ ਸੁਣਿਆ ਹੈ
ਨਫ਼ਰਤ ਦੇ ਵਿੱਚ ਵੀ
ਹੁੰਦਾ ਹੈ ਪਿਆਰ ਕਿਤੇ
ਤੇ ਪਿਆਰ ਦੇ ਅੰਦਰ
ਛੁਪੀ ਹੁੰਦੀ ਹੈ
ਨਫ਼ਰਤ ਵੀ ਅੰਦਰਵਾਰ ਕਿਤੇ....

ਦੱਸ
ਤੂੰ ਮੈਨੂੰ ਪਿਆਰ ਕਰੇਂ
ਜਾਂ ਕਰਦੀ ਨਫ਼ਰਤ....?

## ਸਈਏ ਨੀ

ਸਈਏ ਨੀ ! ਮੈਂ ਵਗਦਾ ਪਾਣੀ
ਹਰ ਪਲ ਉਜਲਾ ਹਰ ਪਲ ਨਿਰਮਲ
ਤੂੰ ਮੈਲਾ ਨਾ ਜਾਣੀਂ

ਕਿੰਨੀਆਂ ਨਦੀਆਂ ਆ ਕੇ ਮੇਰੇ
ਹੋਠੀਂ ਹੋਂਠ ਛੂਹਾਏ
ਚੰਨ ਚਾਨਣੀ ਆ ਕੇ ਮੇਰੇ
ਨੀਰ 'ਚ ਰੋਜ਼ ਨਹਾਏ
ਫਿਰ ਵੀ ਸ਼ੀਸ਼ੇ ਵਾਂਗੂੰ ਪਾਵਨ
ਰੂਹ ਮੇਰੀ ਮਰ ਜਾਣੀ....

ਦੂਰੋਂ ਦੂਰੋਂ ਆਉਣ ਪਰਿੰਦੇ
ਤੜਪ ਪਿਆਸ ਦੇ ਮਾਰੇ
ਰੱਜ ਰੱਜ ਪਿਆਸ ਬੁਝਾਉਂਦੇ ਮਨ ਦੀ
ਤੇ ਉੱਡ ਜਾਣ ਵਿਚਾਰੇ
ਵਗੇ ਨੀਰ ਨਾ ਹੋਏ ਗੰਧਲਾ
ਜਾਏ ਸਾਗਰਾਂ ਤਾਣੀ....

ਪਿਆਰ ਕਦੇ ਗੰਧਲਾ ਨਹੀਂ ਸਕਦਾ
ਸਈਏ ਰੂਹ ਦਾ ਪਾਣੀ
ਜਦ ਛੂਹੇ ਨਿਰਮਲ ਹੋ ਜਾਂਦਾ
ਰੂਹ ਨੂੰ ਰੂਹ ਦਾ ਹਾਣੀ
ਜੁਗਾਂ ਜੁਗਾਂ ਦੀ ਏਹੀ ਗਾਥਾ
ਜੁਗਾਂ ਦੀ ਇਹੋ ਕਹਾਣੀ.....

ਸਈਏ ਨੀ ! ਮੈਂ ਵਗਦਾ ਪਾਣੀ
ਹਰ ਪਲ ਉਜਲਾ ਹਰ ਪਲ ਨਿਰਮਲ
ਤੂੰ ਮੈਲਾ ਨਾ ਜਾਣੀਂ।

## ਚੱਲ ਪਤੰਗ ਬਣ ਉੱਡੀਏ

ਜ਼ਮੀਨ 'ਤੇ ਸੰਭਵ ਨਹੀਂ
ਮਿਲਣ ਆਪਣਾ
ਚੱਲ ਉਡਾਈਏ
ਆਪਣੇ ਸੁਪਨਿਆਂ ਨੂੰ
ਪਤੰਗ ਬਣਾ ਕੇ
ਆਕਾਸ਼ ਵਿੱਚ

ਓਥੇ ਮਿਲਣਗੀਆਂ
ਆਪਣੇ ਸੁਪਨਿਆਂ ਦੀਆਂ ਪਤੰਗਾਂ
ਲਿਪਟ ਜਾਣਗੀਆਂ
ਪੇਚੇ ਲਾਉਣ ਦੇ ਬਹਾਨੇ
ਹੋਰ ਡੋਰ ਛੱਡੀਏ
ਲਿਪਟਣ ਦੇਈਏ ਉਨ੍ਹਾਂ ਨੂੰ
ਜਾਣ ਦਈਏ ਹੋਰ ਉੱਚੇ

ਦੂਰ ਕੋਠਿਆਂ 'ਤੇ ਖੜ੍ਹੇ
ਨਹੀਂ ਮਿਲ ਸਕਦੇ ਅਸੀਂ
ਇਸ ਧਰਤੀ 'ਤੇ ਭਾਵੇਂ

ਪਰ ਦੂਰ ਅਕਾਸ਼ ਵਿੱਚ
ਲਿਪਟ ਕੇ ਉੱਡਣ ਦਈਏ
ਆਪਣੇ ਸੁਪਨਿਆਂ ਦੀ ਪਤੰਗ।

## ਜਦੋਂ ਵੀ

ਜਦੋਂ ਵੀ ਉਡਾਈ ਮੈਂ
ਆਪਣੇ ਸੁਪਨਿਆਂ ਦੀ ਪਤੰਗ
ਆਕਾਸ਼ ਵਿੱਚ ਉੱਡਦੇ
ਕਿੰਨੇ ਹੀ ਪਤੰਗ
ਮੇਰੀ ਪਤੰਗ ਨੂੰ
ਪੇਚਾ ਪਾ ਕੇ
ਕੱਟਣ ਲਈ ਦੌੜੇ

ਕਈ ਵਾਰ ਤਾਂ ਕਈ ਕਈ ਪਤੰਗ
ਇਕੱਠੇ ਰਲ ਕੇ ਆਏ
ਸਾਜਿਸ਼ਾਂ ਬਣਾ ਕੇ
ਮੇਰੀ ਪਤੰਗ ਨੂੰ
ਡੁਬਾਉਣ ਦੇ ਲਈ

ਵਕਤ ਦੀ ਹਵਾ ਨੇ
ਬਹੁਤ ਵਾਰ
ਅਸਥਿਰ ਕੀਤਾ
ਮੇਰੀ ਪਤੰਗ ਨੂੰ
ਪਰ ਮੇਰੇ
ਹੌਂਸਲੇ ਦੀ ਡੋਰ
ਬੜੀ ਪੱਕੀ ਸੀ
ਬਚਪਨ ਤੋਂ ਲੈ ਕੇ
ਸੰਘਰਸ਼ ਦਾ ਮਾਂਝਾ
ਬੜਾ ਜ਼ਬਰਦਸਤ
ਚਾੜ੍ਹਿਆ ਸੀ ਉਸ ਤੇ....

ਹਰ ਵਾਰ
ਲੜੀ ਮੇਰੀ ਪਤੰਗ
ਮੁਖ਼ਾਲਿਫ਼ ਮੂੰਹ-ਜ਼ੋਰ ਹਵਾਵਾਂ ਨਾਲ
ਆਕਾਸ਼ ਵਿਚ ਉਡਦੀਆਂ
ਹੋਰ ਦੁਸ਼ਮਣ ਪਤੰਗਾਂ ਨਾਲ
ਜ਼ੋਰ-ਅਜ਼ਮਾਈ ਕਰਦੀ
ਜੂਝਦੀ ਉਨ੍ਹਾਂ ਨਾਲ.....

ਦਿਨੋ ਦਿਨ
ਆਕਾਸ਼ ਵਿੱਚ
ਉੱਚੀ
ਹੋਰ ਉੱਚੀ
ਉੱਡਦੀ ਗਈ
ਮੇਰੇ ਸੁਪਨਿਆਂ ਦੀ ਪਤੰਗ।

## ਮੁਹੱਬਤ ਇੱਕ ਪਿੰਜਰਾ

ਕਿੰਨੀ ਹੀ
ਬਚਾ ਕੇ ਕਰੋ
ਮੁਹੱਬਤ ਭਾਵੇਂ
ਸੋਚਦੇ ਰਹੋ
ਕਿ ਮੁਹੱਬਤ ਨੂੰ ਪਿੰਜਰਾ ਨਹੀਂ
ਆਪਣਾ ਆਕਾਸ਼ ਬਣਾਉਣਾ

ਪਰ ਇਹ ਤੁਹਾਡੇ
ਵੱਸ ਵਿੱਚ ਨਹੀਂ ਹੁੰਦਾ
ਤੁਹਾਡੇ ਲੱਖ
ਸੋਚਦਿਆਂ ਸਮਝਦਿਆਂ ਵੀ
ਕਿਸੇ ਧੀਮੇ ਨਸ਼ੇ ਵਾਂਗ
ਹੌਲੀ ਹੌਲੀ ਕਦੋਂ ਇਹ
ਤੁਹਾਡੇ ਹੱਡਾਂ 'ਚ ਰਚ ਜਾਂਦੀ
ਤੁਹਾਨੂੰ ਜਕੜ ਲੈਂਦੀ
ਤੁਹਾਡੇ ਆਲੇ ਦੁਆਲੇ
ਉਸਰਨ ਲੱਗਦਾ
ਹੌਲੀ ਹੌਲੀ ਇੱਕ ਪਿੰਜਰਾ

ਤੁਹਾਨੂੰ ਅਹਿਸਾਸ ਹੁੰਦਾ
ਕਿ ਲੱਖ ਚਾਹੁੰਦਿਆਂ ਵੀ
ਤੁਸੀਂ ਹੋ ਗਏ
ਸਲਾਖਾਂ ਵਿੱਚ ਕੈਦ

ਫਿਰ ਤੁਸੀਂ ਛਟਪਟਾਉਂਦੇ
ਬਿਲਬਿਲਾਉਂਦੇ

ਪਿੰਜਰੇ ਦੀਆਂ ਸਲਾਖਾਂ
ਦੰਦਾਂ ਨਾਲ ਕੱਟਦੇ
ਆਪਣੇ ਪੈਰਾਂ ਹੇਠਲੀ ਜ਼ਮੀਨ
ਨਹੁੰਆਂ ਨਾਲ ਪੱਟਦੇ...

ਪਰ ਉਦੋਂ ਤੱਕ
ਬਹੁਤ ਦੇਰ ਹੋ ਚੁੱਕੀ ਹੁੰਦੀ.....।

## ਦੁੱਧ 'ਚ ਜਲੇਬੀਆਂ

ਇੱਕ ਮਹਿਕਦੀ ਸਵੇਰ
ਤੜਕਸਾਰ
ਆਪਣੇ ਘਰ ਵਿੱਚ
ਚਿੜੀਆਂ ਵਾਂਗੂੰ ਚਹਿਕਦੀ
ਅੰਮ੍ਰਿਤਾ
ਆਲ੍ਹਣੇ 'ਚ
ਚਹਿਕਦੀਆਂ ਚਿੜੀਆਂ

ਡਾਇਨਿੰਗ ਟੇਬਲ 'ਤੇ
ਅੰਮ੍ਰਿਤਾ, ਇਮਰੋਜ਼, ਦੇਵ ਤੇ ਮੈਂ

ਅੰਮ੍ਰਿਤਾ ਬੋਲੀ–
ਲਿਆ ਈਮੂ ਜਲੇਬੀਆਂ
ਅੱਜ ਇਨ੍ਹਾਂ ਸ਼ਾਇਰਾਂ ਨੂੰ
ਦੁੱਧ 'ਚ ਜਲੇਬੀਆਂ
ਪਾ ਕੇ ਖੁਆਈਏ

ਹੁਣੇ ਲਓ...
ਆਖ ਇਮਰੋਜ਼
ਕਾਰ ਦੀ ਚਾਬੀ ਚੁੱਕ
ਪੌੜੀਆਂ ਉਤਰਦਾ
ਮਿੰਟਾਂ 'ਚ ਵਾਪਿਸ....

ਡਾਇਨਿੰਗ ਟੇਬਲ 'ਤੇ
ਦੁੱਧ 'ਚ ਜਲੇਬੀਆਂ
ਅੰਮ੍ਰਿਤਾ ਦੀ ਮਿੱਠੀ ਸਖਸ਼ੀਅਤ

ਜਲੇਬੀਆਂ ਤੋਂ ਵੀ ਮਿੱਠੀ
ਦੁੱਧ ਤੋਂ ਵੀ ਜ਼ਿਆਦਾ ਪਾਕ
ਕਿਤੇ ਜ਼ਿਆਦਾ

ਨਹੀਂ ਖਾਧੀਆਂ ਸਨ ਮੈਂ
ਕਦੇ ਵੀ ਪਹਿਲਾਂ
ਦੁੱਧ 'ਚ ਜਲੇਬੀਆਂ
ਨਹੀਂ ਖਾਵਾਂਗਾ
ਉਮਰ ਭਰ ਕਦੇ ਵੀ
ਦੁੱਧ 'ਚ ਜਲੇਬੀਆਂ....

ਮੈਂ ਇਸ ਅਹਿਸਾਸ ਨੂੰ
ਸਿਰਫ਼ ਅੰਮ੍ਰਿਤਾ ਦੇ ਨਾਮ ਨਾਲ
ਜੋੜ ਕੇ ਰੱਖਣਾ ਚਾਹੁੰਦਾ ਹਾਂ

ਵਰ੍ਹੇ ਬੀਤ ਗਏ
ਹੁਣ ਵੀ ਜਦੋਂ ਕੋਈ
ਦੁੱਧ 'ਚ ਜਲੇਬੀਆਂ ਦਾ
ਜ਼ਿਕਰ ਕਰਦਾ
ਮੈਨੂੰ ਅੰਮ੍ਰਿਤਾ ਦੇ
ਸਾਥ 'ਚ ਬਿਤਾਈ
ਉਹ ਨਿੱਘੀ ਸਵੇਰ
ਚੇਤੇ ਆਉਂਦੀ

ਜਦੋਂ ਕੋਈ
ਅੰਮ੍ਰਿਤਾ ਦਾ ਨਾਮ ਲੈਂਦਾ
ਤਾਂ ਮੈਨੂੰ
ਦੁੱਧ 'ਚ ਜਲੇਬੀਆਂ

ਯਾਦ ਆਉਂਦੀਆਂ....

ਇੱਕ ਮਿਠਾਸ
ਇਕ ਸੁੱਚਾ ਅਹਿਸਾਸ
ਮੇਰੀਆਂ ਰਗਾਂ ਵਿੱਚ
ਮੇਰੀ ਰੂਹ ਵਿੱਚ
ਧੁਰ ਤੀਕ
ਘੁਲ਼-ਮਿਲ਼ ਜਾਂਦਾ....।

## ਰਾਤ ਅਮਾਵਸ

ਚਾਰੋ ਪਾਸੇ ਸੰਘਣੀ ਕਾਲੀ ਰਾਤ ਪਈ ਹੈ
ਸੱਚ ਚੰਦਰਮਾ ਦਿਸਦਾ ਨਾਹੀਂ ਕਿਤੇ ਵੀ ਚੜ੍ਹਿਆ

ਨੈਣਾਂ ਦੇ ਵਿੱਚ ਤਿੜਕੇ ਸੁਪਨੇ
ਦੀਆਂ ਚੁਭ ਰਹੀਆਂ ਨੇ ਕਿਰਚਾਂ
ਅੱਖਾਂ ਦੇ ਵਿੱਚ ਅਟਕੇ ਅੱਥਰੂ
ਸੰਘ ਦੇ ਵਿੱਚ ਜਿਉਂ ਹਾਉਕਾ ਅੜਿਆ

ਜ਼ਹਿਰੀ ਪੌਣ ਵਗੇ ਚਹੁੰ ਕੂੰਟੀਂ
ਪਾਣੀਆਂ ਦੇ ਵਿੱਚ ਵਿਸ਼ ਘੁਲਿਆ ਹੈ
ਲੱਗਦਾ ਮਾਨਵਤਾ ਦੇ ਪਿੰਡੇ
ਜ਼ਹਿਰੀਲਾ ਕੋਈ ਬਿਛੀਅਰ ਲੜਿਆ

ਰਿਸ਼ਤਿਆਂ ਦੇ ਵਿੱਚ ਨਫ਼ਰਤ ਫੁੱਟੀ
ਮੋਹ ਮੁਹੱਬਤ ਬੀਤੀਆਂ ਗੱਲਾਂ
ਨਵੀਂ ਸਦੀ ਦੇ ਮਾਨਵ ਨੇ ਹੈ
ਕੈਸਾ ਪਾਠ ਕੁਫ਼ਰ ਦਾ ਪੜ੍ਹਿਆ

ਸੰਘਣੀ ਕਾਲੀ ਗਹਿਰ ਚੜ੍ਹੀ ਹੈ
ਅਰਬਦ ਨਰਬਦ ਧੁੰਧੂਕਾਰਾ
ਖ਼ੂਨੀ ਦੈਂਤ ਨੇ ਪੰਜਿਆਂ ਦੇ ਵਿੱਚ
ਮਘਦਾ ਸੂਰਜ ਘੁੱਟ ਕੇ ਫੜਿਆ

ਚਾਰੋ ਪਾਸੇ ਸੰਘਣੀ ਕਾਲੀ ਰਾਤ ਪਈ ਹੈ
ਸੱਚ ਚੰਦਰਮਾ ਦਿਸਦਾ ਨਾਹੀਂ ਕਿਤੇ ਵੀ ਚੜ੍ਹਿਆ।

## ਕਾਲੀ ਹਨ੍ਹੇਰੀ

ਕਾਲੀ ਹਨ੍ਹੇਰੀ ਝੁੱਲ ਰਹੀ
ਤੇ ਖਿੰਡਦਾ ਜਾ ਰਿਹਾ
ਸਾਰਾ ਕੁਝ

ਖਿੰਡ ਰਹੇ ਨੇ ਸੰਸਕਾਰ
ਸੱਭਿਆਚਾਰ
ਪ੍ਰਤਿਬੱਧਤਾਵਾਂ
ਮਾਨਤਾਵਾਂ
ਸਭ ਕੁਝ ਖਿੰਡ ਰਿਹਾ

ਖਿੰਡਦੇ ਜਾ ਰਹੇ ਨੇ ਸੁਪਨੇ
ਜਿਉਣ ਦੇ ਅਧਾਰ
ਖਿੰਡਦੀ ਜਾ ਰਹੀ ਸੰਵੇਦਨਾ
ਖਿੰਡਦਾ ਜਾ ਰਿਹਾ ਹੈ ਪਿਆਰ
ਖਿੰਡ ਰਹੀ ਮਾਨਵਤਾ
ਹਮਦਰਦੀ ਮੋਹ ਸਾਂਝ
ਸਭ ਕੁਝ ਖਿੰਡਦਾ ਜਾ ਰਿਹਾ

ਖਿੰਡਦੀ ਜਾ ਰਹੀ ਧਰਤੀ
ਖਿੰਡਦਾ ਜਾ ਰਿਹਾ ਆਕਾਸ਼
ਖਿੰਡਦੇ ਜਾ ਰਹੇ ਨੇ
ਜੰਗਲ ਮਾਰੂਥਲ
ਖਿੰਡਦੀਆਂ ਜਾ ਰਹੀਆਂ ਨੇ
ਪਰਬਤ-ਮਾਲਾਵਾਂ
ਖਿੰਡ ਰਹੇ ਨੇ ਗਲੇਸ਼ੀਅਰ
ਖਿੰਡ ਰਹੀਆਂ ਅਕਾਸ਼-ਗੰਗਾਵਾਂ

ਖਿੰਡ ਰਹੇ ਨੇ ਧੂਮਕੇਤੂ
ਤਰਤੀਬ ਵਿਚ ਬੰਨ੍ਹੇ
ਹਜ਼ਾਰਾਂ ਸਦੀਆਂ ਤੋਂ ਘੁੰਮਦੇ ਸਨ ਜੋ
ਨੇਮ 'ਚ ਬੰਨ੍ਹੇ
ਖਿੰਡਦੇ ਜਾ ਰਹੇ
ਸਭ ਨੇਮ ਭੰਗ ਕਰ ਕੇ

ਖਿੰਡਦੇ ਜਾ ਰਹੇ ਨੇ ਲੋਕ
ਖਿੰਡ ਰਹੇ ਨੇ ਪਿੰਡ ਸ਼ਹਿਰ ਕਸਬੇ
ਖਿੰਡਦਾ ਜਾ ਰਿਹਾ ਬ੍ਰਹਿਮੰਡ
ਖਿੰਡਦੀ ਜਾ ਰਹੀ ਅਗਨ
ਸੀਮਾਵਾਂ ਤੋੜਦੀ
ਅੰਗਿਆਰ ਖਿੰਡਦੇ ਦਿਸ ਰਹੇ
ਆਕਾਸ਼ ਵਿੱਚ

ਬ੍ਰਹਿਮੰਡ ਵਿੱਚ ਖਿੰਡ ਰਹੇ ਨੇ
ਅੰਗਿਆਰ ਹੀ ਅੰਗਿਆਰ
ਆ ਰਹੇ ਨੇ ਧਰਤ ਵੱਲ
ਜਿਵੇਂ ਅਗਨ-ਸੱਪਾਂ ਦੀ ਡਾਰ

ਚਾਰੇ ਪਾਸੇ ਦਿਸ ਰਹੇ
ਅੰਗਿਆਰ ਹੀ ਅੰਗਿਆਰ
ਲੱਗਦਾ ਹੈ ਪ੍ਰਿਥਵੀ
ਤਬਾਹ ਹੋਣ ਦੇ ਕਿਨਾਰੇ ਹੈ।

## ਮਹਿਕ ਵਿਹੂਣੇ ਫੁੱਲ

ਧਰਤੀ 'ਤੇ ਬਚੇ ਨਹੀਂ
ਰੰਗ ਬਰੰਗੇ ਮਹਿਕ ਭਰੇ ਗੁਲਾਬ
ਗੁਲਦਸਤਿਆਂ ਵਿੱਚ
ਮਹਿਕ ਵਿਹੂਣੇ
ਰੰਗ ਬਰੰਗੇ ਕਾਗ਼ਜ਼ੀ ਫੁੱਲ
ਸਜੇ ਹੋਏ ਨੇ

ਰਿਸ਼ਤਿਆਂ ਵਿੱਚੋਂ
ਮਰ ਰਹੀ ਮੁਹੱਬਤ
ਖ਼ੂਨ ਦਾ ਰੰਗ ਹੋ ਰਿਹਾ ਸਫ਼ੈਦ
ਇਕ ਦੂਜੇ ਲਈ
ਵਾਰ ਦਿੰਦੇ ਸੀ ਜਾਨ
ਉਹੀ ਅੱਜ ਇਕ ਦੂਜੇ ਦੇ ਖ਼ੂਨ ਦੇ
ਪਿਆਸੇ ਹੋ ਰਹੇ

ਮਹਿਸੂਸ ਨਹੀਂ ਹੁੰਦੀ
ਸੂਰਜ ਦੀ ਧੁੱਪ
ਰੁੱਖਾਂ ਦੀ ਛਾਂ
ਪਿੰਡੇ ਨੂੰ ਛੂੰਹਦੀ
ਹਵਾ ਦਾ ਅਹਿਸਾਸ
ਕੰਬਣੀ ਨਹੀਂ ਛੇੜਦਾ
ਮੁੱਕ ਗਿਆ ਮੁਹੱਬਤ ਦਾ ਨਿੱਘ
ਜਿਸਮ ਬਣ ਗਏ ਨੇ
ਸਿਰਫ਼ ਭੋਗ ਦੀ ਵਸਤੂ

ਧਾਰਮਿਕ ਸਥਾਨਾਂ ਵਿੱਚ

ਪ੍ਰਸ਼ਾਦ ਵੰਡਣ ਲੱਗੀਆਂ ਮਸ਼ੀਨਾਂ
ਵਿਕਣ ਲੱਗੇ ਪੂਜਾ ਪਾਠ
ਪੈਸੇ ਨਾਲ ਲੋਕ
ਖ਼ਰੀਦ ਲੈਂਦੇ ਸਭ

ਆਪਣੀ ਦੌਲਤ 'ਤੇ ਗ਼ਰੂਰ ਕਰਦੇ
ਪੈਸੇ ਨਾਲ ਲੋਕ
ਖ਼ਰੀਦ ਲੈਂਦੇ ਰੱਬ।

## ਕਾਮਯਾਬ ਆਦਮੀ

ਰੋਜ਼ ਸਟੇਜ 'ਤੇ ਚੜ੍ਹ ਜਾਂਦਾ ਉਹ
ਦੇਣ ਲੱਗਦਾ ਬੱਚਿਆਂ ਨੂੰ ਭਾਸ਼ਣ

ਆਖਦਾ
ਸਮਝਾਉਂਦਾ ਉਨ੍ਹਾਂ ਨੂੰ ਜ਼ਿੰਦਗੀ ਦੇ ਗੁਰ
ਜਿਹੜੇ ਉਸ ਨੇ ਖ਼ੁਦ ਦੀ ਜ਼ਿੰਦਗੀ
ਜਿਉਣ ਲਈ ਆਪ ਅਪਣਾਏ....

ਆਖਦਾ ਉਹ
ਕਿ ਸੱਚ ਝੂਠ ਕੁਝ ਨਹੀਂ ਹੁੰਦਾ
ਕਾਮਯਾਬ ਹੋਣਾ ਹੈ ਤਾਂ
ਝੂਠ ਏਨੀ ਵਾਰ ਬੋਲੋ
ਕਿ ਉਹ ਸੱਚ ਬਣ ਜਾਵੇ....

ਕਹਿੰਦਾ-
ਦੁਨੀਆਂ ਵਿੱਚ ਕੁਝ ਨਹੀਂ ਹੁੰਦਾ ਪੁੰਨ ਪਾਪ
ਕਰੋ ਤਾਂ ਇਸ ਤਰਾਂ ਕਰੋ ਪਾਪ
ਕਿ ਦੁਨੀਆਂ ਉਸਨੂੰ
ਪੁੰਨ ਮੰਨਣ ਲੱਗ ਪਵੇ....

ਸਮਝਾਉਂਦਾ-
ਕੁਝ ਨਹੀਂ ਹੁੰਦਾ ਈਮਾਨ, ਬੇ-ਈਮਾਨ
ਜਦੋਂ ਵੀ ਕਰੋ ਬੇਈਮਾਨੀ ਇਸ ਤਰ੍ਹਾਂ ਕਰੋ
ਕਿ ਧਰਤੀ ਦੀ ਕਿਸੇ ਨੁੱਕਰੇ
ਈਮਾਨ ਦੀ ਬਚੀ ਨਾ ਰਹੇ ਕੋਈ ਹੋਂਦ....

ਬੋਲਦਾ-
ਗ਼ੈਰਤ-ਬੇਗ਼ੈਰਤ ਨਹੀਂ ਹੁੰਦੀ ਕੁਝ ਵੀ
ਬੇਸ਼ਰਮ ਹੋ ਜਾਓ ਏਨੇ
ਕਿ ਸ਼ਰਮ ਵੀ
ਸ਼ਰਮ ਨਾਲ ਮੂੰਹ ਲੁਕਾਉਂਦੀ ਫਿਰੇ....

ਦੱਸਦਾ-
ਕਿ ਬੁਰਾਈ ਦਾ ਪ੍ਰਚਾਰ ਕਰੋ
ਪ੍ਰਸ਼ੰਸਾ ਕਰੋ ਏਨੀ
ਕਿ ਲੋਕ
ਚੰਗਿਆਈ ਭੁੱਲ ਜਾਣ....

ਲੁੱਟੋ ਦੱਬ ਕੇ ਮਜ਼ਲੂਮ ਲੋਕਾਂ ਨੂੰ
ਤੇ ਕੁਝ ਕੁ ਰੁਪਏ ਉਨ੍ਹਾਂ ਵਿੱਚ ਵੰਡ ਕੇ
ਬਣ ਜਾਓ ਦਾਨਵੀਰ....

ਉਹ ਮਾਸੂਮ ਬੱਚੇ
ਜਿਨ੍ਹਾਂ ਨੇ ਅਜੇ
ਜ਼ਿੰਦਗੀ ਜਿਉਣੀ ਸ਼ੁਰੂ ਕਰਨੀ ਸੀ
ਤੇ ਆਪਣੇ ਮਨ ਦੀ
ਉਜਲੀ ਫੱਟੀ 'ਤੇ
ਅਜੇ ਪਹਿਲੇ ਹਰਫ਼ ਲਿਖਣੇ ਸਨ

ਉਨ੍ਹਾਂ ਦੇ ਦਿਲ ਦੇ ਕੋਰੇ ਪੰਨੇ 'ਤੇ
ਉਸਨੇ
ਅਜਿਹੇ ਕੋਹੜ ਦੇ ਗਲੀਜ਼ ਬੀਜ
ਬੀਜ ਦਿੱਤੇ
ਤੇ ਧਰਤੀ ਨੂੰ ਪਹਿਲਾਂ ਨਾਲੋਂ ਵੀ ਵੱਧ
ਖ਼ਤਰਨਾਕ ਅਤੇ ਕਰੂਪ ਬਣਾ ਦਿੱਤਾ।

## ਮਗਰੂ ਦਾ ਦਾਦਾ

ਕਰੋਨਾ ਸਮਿਆਂ ਵਿੱਚ
ਸਰਕਾਰੀ ਆਦੇਸ਼ਾਂ 'ਤੇ
ਗਿਆਰ੍ਹਵੀਂ ਜਮਾਤ ਦੇ ਬੱਚਿਆਂ ਨੂੰ
ਦਾਖਲੇ ਲਈ ਕਰ ਰਿਹਾ ਹਾਂ ਫ਼ੋਨ

ਇੱਕ ਫ਼ੋਨ ਮਿਲਾਇਆ
'ਮਗਰੂ ਦੇ ਘਰੋਂ ਬੋਲਦੇ ਹੋ ?'

ਅੱਗਿਓਂ ਫ਼ੋਨ ਵਿੱਚੋਂ
ਇੱਕ ਥੱਕਿਆ ਟੁੱਟਿਆ
ਹਾਉਕਾ ਬਾਹਰ ਆਇਆ
'ਮੈਂ ਮਗਰੂ ਕਾ ਦਾਦਾ ਬੋਲਤਾ ਹੂੰ ਸਾਬ'

ਮੈਂ ਬੋਲਿਆ,
'ਮਗਰੂ ਨੂੰ ਗਿਆਰਵੀਂ ਵਿੱਚ ਦਾਖਲ....'

ਮੇਰੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ
ਉਧਰੋਂ ਸਿਸਕੀ ਦੀ ਅਵਾਜ਼ ਆਈ
'ਮੇਰਾ ਬੇਟਾ ਤੀਨ ਮਹੀਨੇ ਸੇ
ਲਾਪਤਾ ਹੈ
ਉਸੇ ਢੂੰਢ ਦੋ ਸਾਬ....'

ਮੈਂ ਪੁੱਛਿਆ, 'ਕੀ ਹੋਇਆ ?
ਕਿੱਥੇ ਗਿਆ ??'

'ਤੀਨ ਮਹੀਨੇ ਹੋ ਗਏ ਸਾਬ

ਆਪਣੇ ਗਾਓਂ ਕੇ ਲੀਏ
ਸਾਈਕਲ ਪਰ ਨਿਕਲਾ ਥਾ
ਅਭੀ ਤੱਕ ਘਰ ਨਹੀਂ ਪਹੁੰਚਾ....
ਨਾ ਹੀ ਲੌਟਾ ਹੈ ਵਾਪਿਸ
ਉਸੇ ਢੂੰਢ ਦੋ ਸਾਬ....'

'ਮਗਰੂ ਘਰ ਹੈ ??'
ਮੈਂ ਪੁੱਛਿਆ

'ਨਹੀਂ ਸਾਬ ਵੋ ਸਬਜੀ ਵਾਲੇ ਕੇ
ਸਾਥ ਜਾਤਾ ਹੈ
ਥੋੜਾ ਬਹੁਤ ਕਮਾ ਕੇ ਲਾਤਾ ਹੈ
ਮੇਰੇ ਬੇਟੇ ਕੋ ਢੂੰਢ ਦੋ ਸਾਬ
ਵੋ ਤੀਨ ਮਹੀਨੇ ਸੇ ਲਾਪਤਾ ਹੈ....'

ਇਹ ਕਹਿ ਕੇ ਮਗਰੂ ਦਾ
ਦਾਦਾ ਫੁੱਟ ਫੁੱਟ ਕੇ ਰੋਣ ਲੱਗਿਆ
ਤੇ ਫ਼ੋਨ ਵਿੱਚੋਂ ਨਿਕਲ ਕੇ
ਅੱਥਰੂਆਂ ਦਾ ਸੈਲਾਬ
ਮੇਰੇ ਆਲੇ ਦੁਆਲੇ
ਇਕੱਠਾ ਹੋਣ ਲੱਗਿਆ

ਜਦੋਂ ਵੀ ਟੀ. ਵੀ. ਦੀ ਸਕਰੀਨ 'ਤੇ
ਘਰਾਂ ਨੂੰ ਪਰਤਦੇ ਮਜਦੂਰਾਂ ਦੀਆਂ
ਤਸਵੀਰਾਂ ਦੇਖਦਾ ਹਾਂ
ਤਾਂ ਉਨ੍ਹਾਂ ਦੇ ਵਿੱਚ
ਮਗਰੂ ਦੇ ਪਿਤਾ ਨੂੰ
ਲੱਭਣ ਲਗਦਾ ਹਾਂ।

## ਜਿਉਤੀ

ਉਹ ਕੋਈ
ਪੇਸ਼ਾਵਰ ਅਥਲੀਟ ਨਹੀਂ ਸੀ
ਟੁੱਟੀਆਂ ਭੱਜੀਆਂ ਚੱਪਲਾਂ
ਗੰਦੇ ਮੰਦੇ ਕੱਪੜਿਆਂ ਨਾਲ
ਬਿਨਾ ਕਿਸੇ ਟਰੈਕ ਸੂਟ ਤੋਂ
ਕਿਸਨੇ ਭੱਜਣ ਦੇਣਾ ਸੀ
ਉਸਨੂੰ ਰੇਸ ਵਿੱਚ?

ਕੋਈ ਸਾਈਕਲਿਸਟ ਵੀ
ਨਹੀਂ ਸੀ ਉਹ ਪੇਸ਼ਾਵਰ
ਪਰ ਫਿਰ ਵੀ ਕਰੋਨਾ ਸਮਿਆਂ ਵਿੱਚ
ਆਪਣੀਆਂ ਲੱਤਾਂ ਵਿੱਚ
ਸਾਰਾ ਜ਼ੋਰ ਭਰ ਕੇ
ਬਾਹਾਂ ਵਿੱਚ ਬਲ
ਤੇ ਅੱਖਾਂ ਵਿੱਚ ਜ਼ਿਦ
ਉਹ ਆਪਣੇ ਬੀਮਾਰ ਪਿਤਾ ਨੂੰ
ਸਾਈਕਲ ਤੇ ਬਿਠਾ
ਸੈਂਕੜੇ ਕਿਲੋਮੀਟਰ ਦੂਰ
ਆਪਣੇ 'ਗਾਓਂ' ਲੈ ਆਈ

ਉਹ ਕੋਈ ਅਥਲੀਟ ਨਹੀਂ ਸੀ
ਨਾ ਸਾਈਕਲਿਸਟ ਕੋਈ ਪੇਸ਼ਾਵਰ
ਪਰ ਟੁੱਟੀਆਂ ਜਿਹੀਆਂ ਚੱਪਲਾਂ
ਤੇ ਟੁੱਟੇ ਜਿਹੇ ਸਾਈਕਲ ਨਾਲ
ਉਹ ਜ਼ਿੰਦਗੀ ਦੀ
ਸਭ ਤੋਂ ਵੱਡੀ ਦੌੜ ਵਿੱਚ
ਪਹਿਲੇ ਨੰਬਰ 'ਤੇ ਆਈ।

## ਮੈਂ ਇੱਕ ਅਮਲਤਾਸ

ਉਦਾਸੀ ਦੀ
ਸੰਘਣੀ ਬਰਸਾਤ ਵਿੱਚ ਭਿੱਜਦਾ
ਆਉਂਦਾ ਹਾਂ ਤੇਰੇ ਕੋਲ
ਬਹੁਤ ਇਕੱਲਾ
ਬਹੁਤ ਉਦਾਸ....

ਪਰ ਤੇਰੇ ਕੋਲੋਂ
ਪਰਤਦਾ ਹਾਂ ਜਦੋਂ
ਤਾਂ ਇਕੱਲਾ ਨਹੀਂ ਹੁੰਦਾ
ਹੁੰਦਾ ਹਾਂ ਮੈਂ ਜਿਵੇਂ
ਬਿਰਖ ਕੋਈ ਅਮਲਤਾਸ ਦਾ
ਫੁੱਲਾਂ ਨਾਲ ਲੱਦਿਆ
ਮਹਿਕਦਾ
ਪੌਣਾਂ ਨਾਲ ਝੂਮਦਾ

ਪਰਤਦਾ ਹਾਂ
ਜਦੋਂ ਤੇਰੇ ਕੋਲੋਂ
ਤਾਂ ਇਕੱਲਾ ਨਹੀਂ ਹੁੰਦਾ

ਤੇਰੇ ਹਿਰਦੇ ਦਾ ਸੰਗੀਤ
ਤੇਰੀ ਆਵਾਜ਼ ਦੀ ਨਮੀ
ਤੇਰੇ ਸਾਹਾਂ ਦੀ ਖੁਸ਼ਬੋ
ਤੇਰਾ ਕੰਬਦਾ ਸਪਰਸ਼
ਕਿੰਨਾ ਕੁਝ ਪਰਤਦਾ ਹੈ
ਨਾਲ ਮੇਰੇ....

ਪਰਤਦਾ ਹਾਂ
ਜਦੋਂ ਤੇਰੇ ਕੋਲੋਂ
ਤਾਂ ਇਕੱਲਾ ਨਹੀਂ ਹੁੰਦਾ
ਉਦਾਸ ਨਹੀਂ ਹੁੰਦਾ ਮੈਂ

ਫੁੱਲਾਂ ਨਾਲ ਲੱਦਿਆ
ਲਹਿਲਹਾਉਂਦਾ
ਭਰਿਆ ਪੂਰਾ
ਇੱਕ ਅਮਲਤਾਸ ਹੁੰਦਾ ਹਾਂ।

## ਗਿਆਨ

ਮੈਂ ਉਸਨੂੰ ਪੁੱਛਿਆ-
ਅਸਲ ਗਿਆਨ ਕੀ ਹੈ
ਜ਼ਿੰਦਗੀ ਦਾ

ਉਸਨੇ ਕਿਹਾ-
ਇਹ ਫੁੱਲ ਬੂਟੇ ਦੇਖਦੇ ਹੋ
ਇਹ ਬਿਰਖ
ਇਹ ਪੌਦੇ....

ਮੈਂ ਕਿਹਾ-
ਹਾਂ....

ਇਹ ਇਮਾਰਤਾਂ
ਉੱਚੀਆਂ-ਉੱਚੀਆਂ
ਧਨ-ਦੌਲਤ
ਅਹੁਦੇ-ਰੁਤਬੇ
ਸ਼ੁਹਰਤ-ਬਦਨਾਮੀ
ਮਹਿਲ-ਮਾੜੀਆਂ
ਦੇਖ ਰਹੇ ਹੋ ?

ਮੈਂ ਕਿਹਾ-
ਹਾਂ....

ਬਸ ਜਦੋਂ
ਏਨਾ ਕੁ ਸਮਝ ਆ ਜਾਵੇ
ਕਿ ਇਹ ਸਭ ਝੂਠ ਹੈ

ਛਿਣ-ਭੰਗਰ ਹੈ
ਮਾਇਆ ਹੈ
ਸਭ ਕੁਝ
ਬਿਨਸ ਜਾਣ ਵਾਲਾ ਹੈ....

ਬਸ ਸਮਝੋ
ਉਸੇ ਪਲ
ਤੁਸੀਂ ਗਿਆਨ ਨੂੰ
ਪ੍ਰਾਪਤ ਹੋ ਗਏ....।

ਅਮਰਜੀਤ ਕੌਂਕੇ ਪੰਜਾਬੀ ਕਵਿਤਾ ਦਾ ਮਾਣਮੱਤਾ ਹਸਤਾਖ਼ਰ ਹੈ।ਪੰਜਾਬੀ ਕਵਿਤਾ ਦੇ ਪਾਠਕਾਂ ਨੂੰ ਹਮੇਸ਼ਾ ਉਸ ਦੀ ਨਵੀਂ ਕਿਤਾਬ ਦੀ ਉਡੀਕ ਰਹਿੰਦੀ ਹੈ। 'ਇਸ ਧਰਤੀ ਤੇ ਰਹਿੰਦਿਆਂ' ਨਾਲ ਉਸਨੇ ਆਪਣੀ ਕਾਵਿ-ਪਛਾਣ ਨੂੰ ਇੱਕ ਹੋਰ ਨਵਾਂ ਵਿਸਥਾਰ ਦਿੱਤਾ ਹੈ। ਸਮਾਜ ਨੂੰ ਦਰਪੇਸ਼ ਵੰਗਾਰਾਂ ਅਤੇ ਮਾਨਵੀ ਬੇਬਸੀ ਦੇ ਅਜਿਹੇ ਕਾਵਿ-ਪ੍ਰਵਚਨ ਪੰਜਾਬੀ ਕਵਿਤਾ ਵਿੱਚ ਬਹੁਤ ਵਿਰਲੇ ਹਨ। ਇਹ ਮਾਰੂਥਲਾਂ, ਖੰਡਰਾਂ, ਬੰਜਰਾਂ, ਬਲ਼ਦੀਆਂ ਦੁਪਹਿਰਾਂ, ਅਤੇ ਮੁੱਕੇ ਤਾਣ ਕੇ ਖੜ੍ਹੀਆਂ ਕੁੜੀਆਂ ਦੀ ਕਵਿਤਾ ਹੈ। ਕੌਂਕੇ ਸਰੋਕਾਰਾਂ ਨੂੰ ਸੰਵੇਦਨਾ ਦੀ ਸੂਖਮ ਦ੍ਰਿਸ਼ਟੀ ਤੋਂ ਚਿਤਰਨ ਅਤੇ ਸ਼ਬਦਾਂ ਰਾਹੀਂ ਦ੍ਰਿਸ਼ਟੀਭਾਵ ਜਗਾਉਣ ਦੇ ਹੁਨਰ ਦਾ ਅਜਿਹਾ ਕਵੀ ਹੈ, ਜੋ ਜ਼ਿੰਦਗੀ ਨੂੰ ਬਿੰਬਾਤਮਿਕ ਅਤੇ ਘਟਨਾਵਾਂ ਨੂੰ ਰੂਪਕ ਬਣਾਉਣ ਦਾ ਹੁਨਰ ਜਾਣਦਾ ਹੈ। ਕਵਿਤਾ ਉਸਦੀ ਕਲਾਤਮਿਕ ਸੂਝ ਦਾ ਸਹਿਜ ਹੈ। ਇਹ ਸਹਿਜ ਹੀ ਅਮਰਜੀਤ ਕੌਂਕੇ ਨੂੰ ਲਹਿਰਾਂ ਅਤੇ ਨਾਅਰਿਆਂ ਦੀ ਕਵਿਤਾ ਤੋਂ ਨਿਖੇੜਦਾ ਹੋਇਆ, ਉਸਦੀ ਕਾਵਿਕਤਾ ਨੂੰ ਉਸ ਦਾਰਸ਼ਨਿਕ ਦ੍ਰਿਸ਼ਟੀ ਤੱਕ ਵਿਸਥਾਰ ਦਿੰਦਾ ਹੈ, ਜੋ ਉਸਦੇ ਆਲੇ ਦੁਆਲੇ ਵਾਪਰਦੀਆਂ ਘਟਨਾਵਾਂ ਦੇ ਗਹਿਨ ਵਿਚਲੇ ਕਾਰਨਾਂ ਨੂੰ ਘੋਖਣ ਦੀ ਨਿਰਛਲਤਾ ਨਾਲ ਭਰਪੂਰ ਹੈ। ਇਹ ਦ੍ਰਿਸ਼ਟੀ ਕਿਸੇ ਪੂਰਵ ਧਾਰਨਾ ਦੀ ਧਾਰਨੀ ਨਾ ਹੋ ਕੇ ਮਾਨਵ-ਕੇਂਦਰਿਤ ਸੁਭਾਅ ਵਾਲੀ ਹੈ। ਵਰਤਾਰਿਆਂ ਅਤੇ ਵਸਤਾਂ ਨੂੰ ਕਵਿਤਾ ਵਿੱਚ ਢਾਲਣ ਲਈ ਕੋਈ ਵਾਦ ਦਰਕਾਰ ਨਹੀਂ ਹੁੰਦਾ, ਵਿਚਾਰ ਵਿਸ਼ੇਸ਼ ਦੀ ਕੋਈ ਬੰਦਿਸ਼ ਨਹੀਂ ਹੁੰਦੀ। ਅਮਰਜੀਤ ਨੂੰ ਪਤਾ ਹੈ ਕਿ ਕਵਿਤਾ ਰਾਹੀਂ ਪੇਸ਼ ਹੋਣ ਵਾਲਾ ਵਿਚਾਰ ਆਪਣੀ ਹੋਂਦ ਨੂੰ ਕਾਵਿਕ-ਜੂਨ ਵਿੱਚ ਕਿਵੇਂ ਢਾਲਦਾ ਹੈ। ਵਿਚਾਰ ਦੇ ਕਵਿਤਾ ਹੋ ਜਾਣ ਦੀ ਕਰਤਾਰੀ ਕਿਰਿਆ ਦੀ ਸੋਝੀ ਜਿਹਨਾਂ ਕਵੀਆਂ ਨੂੰ ਆ ਜਾਂਦੀ ਹੈ, ਉਹ ਅਮਰਜੀਤ ਕੌਂਕੇ ਹੋ ਜਾਂਦੇ ਹਨ। ਉਸਦੀ ਪਿਛਲੀ ਪੁਸਤਕ 'ਪਿਆਸ' ਤੋਂ ਬਾਰ੍ਹਾਂ ਸਾਲ ਬਾਅਦ ਆਈ ਇਸ ਨਵੀਂ ਕਾਵਿ-ਪੁਸਤਕ ਦਾ ਹਾਰਦਿਕ ਸਵਾਗਤ ਹੈ !



-ਡਾ.ਲਖਵਿੰਦਰ ਸਿੰਘ ਜੌਹਲ

ਸਾਬਕਾ ਪ੍ਰਧਾਨ

ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ

Title Painting by: Nauman Mughal

978-81-969387-2-7

978-81-969387-2-7

300/-

PARTEEK PUBLICATIONS